ਮੋਤੀਆਂ ਦੀ ਮਾਲਾ



ਪ੍ਰਕਾਸ਼ਕ :—

ਕ੍ਰਿਪਾਲ ਸਿੰਘ ਬਲਬੀਰ ਸਿੰਘ ਪੁਸਤਕਾਂ ਵਾਲੇ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਜੁਲਾਈ ੧੯੨੯

ਪਹਿਲੀ ਵਾਰ ੧੦੦੦ । ਮੁੱਲ ।)

ਮੋਤੀਆਂ ਦੀ ਮਾਲਾ

ਲੇਖਕ !

ਸ੍ਰ: ਮੇਹਰਸਿੰਘ ਸਾਹਿਬ'ਮੇਹਰ'

ਜਰਨਿਲਿਸਟ

ਕੋਮਲ ਕਲੀਆਂ, ਅੰਮ੍ਰਿਤਸਰ

ਲੇਖ ਸੂਚੀ

ਭੂਮਿਕਾ

'ਬਾਲਕ ਪੁਰਖ ਦਾ ਪਿਤਾ ਹੈ' ਦੇਸ਼ਾਂ ਤੇ ਕੌਮਾਂ ਦਾ ਵਾਧਾ ਉਨ੍ਹਾਂ ਦੇ ਭੁਯੰਗੀਆਂ ਦੇ ਸਿਰਾਂ ਪੁਰ ਹੈ। ਵੱਡੇ ਵੱਡੇ ਵਿਦ-ਵਾਨ, ਬਹਾਦਰ, ਜਰਨੈਲ, ਸੱਚੇ ਦੇਸ਼ ਸੇਵਕ, ਕਰੋੜਾਂਪਤੀ ਵਪਾਰੀ ਤੇ ਨਵੀਆਂ ਕਾਢਾਂ ਕੱਢਣ ਵਾਲੇ ਬੁੱਧੀਵਾਨ ਸਭ ਊੜਾ ਐੜਾ ਪੜ੍ਹਨ ਵਾਲੇ ਵਿਦਿਆਰਥੀਆਂ ਵਿੱਚੋਂ ਹੀ ਨਿਕਲਦੇ ਹਨ। ਅਮਰੀਕਾ ਦੀ ਉਂਨਤੀ ਦਾ ਮੂਲਮੰਤਰ ਹੀ ਇਹ ਹੈ ਕਿ ਉਨ੍ਹਾਂ ਨੇ ਬੱਚਿਆਂ ਦੀ ਵਿਸ਼ੇਸ਼ਤਾ ਨੂੰ ਪੂਰੀ ਤਰ੍ਹਾਂ ਸਮਝਕੇ ਆਪਣੇ ਨੌਨਿਹਾਲਾਂ ਨੂੰ ਹਰਤਰ੍ਹਾਂ ਦੀ ਵਿਦਯਾ ਪ੍ਰਾਪਤ ਕਰਨ ਦੀਆਂ ਸਹੂਲਤਾਂ ਪੁਚਾਉਣੀਆਂ ਸਰਕਾਰ ਦਾ ਮੁੱਖ ਕੰਮ ਰੱਖਿਆ ਹੈ ਤੇ ਬਾਲਕ-ਸਿੱਖਿਆ ਨੂੰ ਕੌਮੀ ਸੇਵਾ ਮਿਥਿਆ ਹੈ। ਇਸੇ ਕਰਕੇ ਇੱਕ ਇੱਕ ਦਿਨ ਵਿੱਚ ਓਥੇ ਕਈ ਕਈ ਨਵੀਆਂ ਕਾਢਾਂ ਨਿਕਲਦੀਆਂ ਹਨ ਤੇ ਉਹ ਦੇਸ਼ ਸੰਸਾਰ ਭਰ ਵਿੱਚ ਖੁਸ਼ਹਾਲ ਬਣ ਗਿਆ ਹੈ।

ਇਹ ਨੇਮ ਕੁਦਰਤੀ ਹੈ ਕਿ ਮਾਂ ਦੇ ਦੁੱਧ ਦੇ ਪਿਆਰ ਪਿੱਛੋਂ ਬਾਲ ਨੂੰ ਖਡੌਣਿਆਂ ਦਾ ਸਵਾਦ ਪੈਂਦਾ ਹੈ ਤੇ ਖਡੌ-ਣਿਆਂ ਦੇ ਚਾ ਪਿਛੋਂ ਬਾਤਾਂ ਤੇ ਕਹਾਣੀਆਂ ਸੁਣਨ ਦਾ ਸਭ

ਤੋਂ ਬਹੁਤਾ ਸ਼ੌਕ ਹੁੰਦਾ ਹੈ। ਸੋ ਕਹਾਣੀਆਂ ਦੁਆਰਾ ਉਨ੍ਹਾਂ ਨੂੰ ਉੱਤਮ ਤੋਂ ਉੱਤਮ ਸਿੱਖਿਆ ਤੇ ਔਖੇ ਤੋਂ ਔਖੇ ਗੁਰ ਬੜੇ ਹੀ ਸਹਿਲੇ ਸਿਖਾਏ ਜਾ ਸਕਦੇ ਹਨ। ਸਭਾਵ ਵਿੱਦਿਆ ਨੂੰ ਸਮਝਣ ਪਿੱਛੋਂ ਡਾਕਟਰਾਂ ਨੇ ਬੱਚਿਆਂ ਲਈ ਕੌੜੀਆਂ ਦਵਾਵਾਂ ਉੱਤੇ ਖੰਡ ਗਲੇਫ ਦਿੱਤੀ ਹੈ ਤਾਕਿ ਬੱਚੇ ਉਨ੍ਹਾਂ ਨੂੰ ਖੁਸ਼ੀ ਨਾਲ ਸੇਵਨ ਕਰਨ ਤੇ ਉਨ੍ਹਾਂ ਦਾ ਪੂਰਾ ਪੂਰਾ ਅਸਰ ਹੋ ਸਕੇ। ਠੀਕ ਏਸੇ ਤਰਾਂ ਲੜਕੇ ਲੜਕੀਆਂ ਲਈ ਕਹਾਣੀਆਂ ਮਠਿਆਈ ਦੀਆਂ ਡਲੀਆਂ ਹਨ, ਜਿਨ੍ਹਾਂ ਨੂੰ ਹੱਸ ਕੇ ਖਾਣ ਵਾਂਗ ਓਹ ਸੁਣਨਗੇ ਤੇ ਜਿਵੇਂ ਮਨ ਭਾਉਂ-ਦੀ ਮਠਿਆਈ ਦਾ ਸਵਾਦ ਜੀਭ ਉੱਤੇ ਰਹਿੰਦਾ ਹੈ ਉਸੇ ਤਰ੍ਹਾਂ ਕਹਾਣੀਆਂ ਦੀ ਸਿੱਖਿਆ ਉਨ੍ਹਾਂ ਦੇ ਦਿਲਾਂ ਉੱਤੇ ਉੱਕਰੀ ਜਾਂਦੀਹੈ, ਬਹੁਤੇ ਵਿਦਿਆਰਥੀ ਸਕੂਲਾਂ ਵਿੱਚ ਮਾਸ-ਟਰਾਂ ਦੀ ਰੁੱਖੀ ਤੇ ਬੇਸਵਾਦੀ ਸੰਥਿਆ ਸੁਣਨ ਦੀ ਕੋਈ ਪਰ-ਵਾਹ ਨਹੀਂ ਕਰਦੇ ਪਰ ਕਹਾਣੀਆਂ ਸੱਭੇ ਹੀ ਬੜੇ ਗਹੁ ਨਾਲ ਸੁਣਦੇ ਹਨ ਤੇ ਉਨ੍ਹਾਂ ਨੂੰ ਯਾਦ ਰੱਖਣ ਦੀ ਕੋਸ਼ਸ਼ ਕਰਦੇ ਹਨ ਤੇ ਫੇਰ ਹੋਰਨਾਂ ਨੂੰ ਵੀ ਸੁਣਾਉਣ ਦਾ ਯਤਨ ਕਰਦੇ ਹਨ। ਗੱਲ ਕੀ ਬਾਲਕਾਂ ਨੂੰ ਸਿਖਿਆ ਦੇਣ ਲਈ ਕਹਾ-ਣੀਆਂ ਤੋਂ ਚੰਗਾ ਹੋਰ ਕੋਈ ਤ੍ਰੀਕਾ ਨਹੀਂ। ਇਸ ਲਈ ਹਰ ਇੱਕ ਪੰਜਾਬੀ ਦਾ ਫਰਜ਼ ਹੈ ਕਿ ਓਹ ਆਪਣੇ ਦੇਸ਼ ਆਪਣੀ

ਕੌਮ ਤੇ ਉਲਾਦ ਦੇ ਭਲੇ ਲਈ ਆਪਣੇ ਤੇ ਹਮਸਾਇਆਂ ਦੇ ਬੱਚਿਆਂ ਨੂੰ ਕਹਾਣੀਆਂ ਵਾਲੀਆਂ ਪੋਥੀਆਂ ਖਰੀਦਕੇ ਦਿਆ ਕਰਨ ਤੇ ਗੁਰਪੁਰਬਾਂ, ਬਾਲਕਾਂ ਦੀਆਂ ਵਰ੍ਹੇ-ਗੰਢਾਂ ਤੇ ਹੋਰ ਖੁਸ਼ੀਆਂ ਦੇ ਸਮਿਆਂ ਉੱਤੇ ਮਠਿਆਈ ਦੀਆਂ ਟੋਕਰੀਆਂ ਨਾਲ ਇੱਕ ਦੋ ਕਹਾਣੀਆਂ ਵਾਲੀਆਂ ਕਿਤਾਬਾਂ ਦੇਣ ਦਾ ਰਿਵਾਜ ਤੋਰਨ। ਮਿਠਿਆਈ ਤਾਂ ਖਾਧੀ ਜਾਵੇਗੀ ਤੇ ਹਮੇਸ਼ਾ ਲਈ ਮੁੱਕ ਜਾਵੇਗੀ ਪਰ ਤੁਹਾਡੀ ਕਹਾਣੀਆਂ ਵਾਲੀ ਪੋਥੀ ਜਿੰਨੀ ਬਹੁਤੀ ਵਾਰੀ ਪੜ੍ਹੀ ਜਾਵੇਗੀ ਓਨੀ ਹੀ ਘੱਟ ਮੁੱਕੇਗੀ।

ਦੂਜੀ ਇਹ ਗੱਲ ਘੁੱਟਕੇ ਪੱਲੇ ਬੰਨ੍ਹਣਵਾਲੀ ਹੈ ਕਿ ਬਾਲਕਾਂ ਨੂੰ ਸਿੱਖਿਆ ਦੇਣੀ ਜਿੰਨੀ ਕਹਾਣੀਆਂ ਦੁਆਰਾ ਸੌਖੀ ਹੈ ਉਸਤੋਂ ਓਹ ਕਹਾਣੀ ਚੋਣੀਂ ਸੌਖੀ ਹੈ ਜੋਕਿ ਪੰਜਾਬੀ ਵਿੱਚ ਹੋਵੇ, ਕਿਉਂਕਿ ਪੰਜਾਬੀ ਸਾਡੀ ਮਾਤ੍ਰੀ ਬੋਲੀ ਹੈ। ਬੱਚਾ ਖੁਦ-ਬਖੁਦ ਪੰਜਾਬੀ ਬੋਲਣੀ ਸਿੱਖ ਜਾਂਦਾ ਹੈ ਤੇ ਜਿੱਨੀ ਅੱਛੀ ਤਰ੍ਹਾਂ ਓਹ ਪੰਜਾਬੀ ਨੂੰ ਸਮਝ ਸਕਦਾ ਹੈ, ਹੋਰ ਕਿਸੇ ਬੋਲੀ ਨੂੰ ਨਹੀਂ ਸਮਝ ਸਕਦਾ। ਇਸ ਲਈ ਕਹਾਣੀਆਂ ਦੁਆਰਾ ਸਿੱਖਿਆ ਦੇਣੀ ਤਦੇ ਹੀ ਪੂਰੀ ਤਰਾਂ ਸਫਲ ਹੋ ਸਕਦੀ ਹੈ ਜੇਕਰ ਪੰਜਾਬੀ ਵਿੱਚ ਹੋਵੇ।

ਖੁਸ਼ੀ ਦੀ ਗੱਲ ਹੈ ਕਿ ਸ੍ਰੀਮਾਨ ਸਰਦਾਰ ਮੇਹਰਸਿੰਘ

ਸਾਹਿਬ 'ਮੇਹਰ' ਨੇ ਪੰਜਾਬੀ ਵਿੱਚ ਹੀ ਇਹ ਕਹਾਣੀਆਂ ਦੀ ਪੋਥੀ 'ਮੋਤੀਆਂ ਦੀ ਮਾਲਾ' ਲਿਖਕੇ ਬਾਲਕ-ਸਿੱਖਿਆ ਲਈ ਸ਼ਲਾਘਾ ਯੋਗ ਕੋਸ਼ਸ਼ ਕੀਤੀ ਹੈ। ਆਪ ਦੀ ਲਿਖਤ ਸੌਖੀ ਤੇ ਭਾਵ ਐਸੇ ਸਰਲ ਹਨ ਕਿ ਮੋਟੀ ਤੋਂ ਮੋਟੀ ਅਕਲ ਦਾ ਅੰਞਾਣਾ ਵੀ ਉਨ੍ਹਾਂ ਨੂੰ ਚੰਗੀਤਰਾਂ ਸਮਝ ਸਕਦਾ ਹੈ ਤੇ ਹਰ ਇੱਕ ਕਹਾਣੀ ਦੀ ਸਿੱਖਿਆ ਪ੍ਰਾਪਤ ਕਰ ਸਕਦਾ ਹੈ। ਆਪ ਅੱਗੇ ਅਨੇਕਾਂ ਕਿਤਾਬਾਂ ਰਚ ਚੁਕੇ ਹਨ ਜਿਨ੍ਹਾਂ ਵਿੱਚ ਚੰਗੇ ਗੁਣਾਂ ਨੂੰ ਏਸ ਤਰ੍ਹਾਂ ਰਚਾਇਆ ਹੈ ਕਿ ਘਿਓ ਦੇ ਘੁੱਟਾਂ ਵਾਂਗ ਅਨੇਕਾਂ ਗੁਣ ਆਪ ਤੋਂ ਆਪ ਦਿਲਾਂ ਵਿੱਚ ਧਸਦੇ ਜਾਂਦੇ ਹਨ। ਇਹ ਪੋਥੀ ਵੀ ਸਚ ਮੁਚ ਹੀ ਮੋਤੀਆਂ ਦੀ ਮਾਲਾ ਹੈ।

ਇਸ ਮੋਤੀਆਂ ਦੀ ਮਾਲਾਂ ਵਿੱਚ ੧੦ ਮੋਤੀ ਹਨ ਤੇ ਇੱਕ ਇੱਕ ਮੋਤੀ ਦੀ ਅੱਡ ਅੱਡ ਝਲਕ ਹੈ।'ਖੂਹ ਦੀ ਘਾਸੀ' ਨਾਮੀ ਕਹਾਣੀ ਨਮਦਾ ਬੁੱਧੀ ਵਾਲਿਆਂ ਨੂੰ ਵੀ ਮੁੜ ਹਿੰਮਤ ਤੇ ਉੱਦਮ ਵੱਲ ਲਿਆਉਂਦੀ ਹੈ 'ਐਸੇ ਨੂੰ ਤੈਸਾ' ਦਾਨਾਈ, 'ਰੁਪੱਯਾਂ ਦੀ ਥੈਲੀ' ਈਮਾਨਦਾਰੀ, 'ਇੱਕ ਸਕਾਊਟ ਦੀ ਬੀਰਤਾ' ਹੌਸਲਾ ਤੇ ਦਲੇਰੀ, 'ਅੰਤ ਭਲੇ ਦਾ ਭਲਾ' ਸੇਵਾ, ਤੇ'ਗਰੂ ਦੀ ਸੇਵਾ'ਵਡਿਆਂ ਦੀ ਇੱਜ਼ਤ ਸਿਖਾਉਂਦੀਆਂ ਹਨ।

ਇਹ ਪੋਥੀ ਲੜਕਿਆਂ ਤੇ ਲੜਕੀਆਂ ਦੇ ਸਕੂਲਾਂ

ਵਿੱਚ ਪੜ੍ਹਾਉਣ ਲਈ ਬਹੁਤ ਉਮਦਾ ਹੈ । ਟੈਕਸ ਬੁਕ ਕਮੇਟੀ, ਸਿਖ ਐਜੂਕੇਸ਼ਨਲ ਕਮੇਟੀ ਤੇ ਹੋਰ ਤਮਾਮ ਪੰਜਾ-ਬੀਆਂ ਨੂੰ ਕਰਤਾ ਦੀ ਪਿਠ ਠੋਕਣ ਲਈ ਇਹ ਪੋਥੀ ਹੱਥੋ ਹੱਥੀ ਖਰੀਦ ਲੈਣੀ ਚਾਹੀਦੀ ਹੈ ਤਾਕਿ ਆਪ ਇਸ ਦੇ ਹੋਰ ਹਿੱਸੇ ਲਿਖਕੇ ਪੰਜਾਬੀ ਤੇ ਪੰਜਾਬੀਆਂ ਦੀ ਵੱਧ ਤੋਂ ਵੱਧ ਸੇਵਾ ਕਰ ਸਕਣ।

ਤ੍ਰੀਕ ੨੫-੪-੨੯
ਅੰਮ੍ਰਿਤਸਰ

"ਸੇਵਿਕ ਜੀ"
ਕੋਮਲ ਕਲੀਆਂ

੧ ਓ ਸਤਿਗੁਰਪ੍ਰਸਾਦਿ ॥

ਮੋਤੀਆਂ ਦੀ ਮਾਲਾ

ਮੇਰੀ ਪੁਸਤਕ !

ਹੇ ਪੁਸਤਕ ! ਹੇ ਪ੍ਰਾਣ ਪਿਆਰੀ,
ਤੂੰ ਦਿੱਤੀ ਚਤੁਰਾਈ ਸਾਰੀ।
ਤੂੰ ਨ ਹੁੰਦੀ ਤਾਂ ਮੈਂ ਕੀ ਸਾਂ ?
ਵਿਦਯਾਹੀਣ ਤੇ ਮੂਰਖ ਹੀ ਸਾਂ।
ਜਦ ਮੇਰੇ ਹੱਥਾਂ ਵਿੱਚ ਆਈ,
ਸੋਹਣੀ ਮੈਨੂੰ ਅਕਲ ਸਖਾਈ।
ਤੂੰਏਂ ਮੇਰਾ ਮਾਣ ਵਧਾਇਆ,
ਮੈਂ ਤੇਰਾ ਹੈ ਮੰਗਲ ਗਾਇਆ।
ਗਿਆਨੀ ਮੈਨੂੰ ਤੂੰਏਂ ਬਨਾਇਆ,
ਘਰ ਬੈਠੇ ਸੰਸਾਰ ਵਖਾਇਆ।

ਮੂਰਖ ਤੋਂ ਮੈਂ ਹੋਇਆ ਸਿਆਣਾ,
ਵਿਦਵਾਨ ਮੈਂ ਹੋਇਆ ਰਾਣਾ।
ਮੈਂ ਤੇਰਾ ਹੁਣ ਮਾਨ ਵਧਾਊਂ
ਰੇਸ਼ਮ ਦਾ ਬਸਤਾ ਬਣਵਾਊਂ।
ਤੇਰੀ ਜਿਲਦ ਸੁਵਰਨ ਝੜਾਊਂ,
ਨਾਲ ਮੋਤੀਆਂ ਖ਼ੂਬ ਸਜਾਊਂ।
ਜਿਸ ਨੇ ਤੈਨੂੰ ਨਹੀਂ ਪਛਾਤਾ,
ਦੁਨੀਆਂ ਦਾ ਨਾ ਕੁਝ ਵੀ ਜਾਤਾ।
ਜੋ ਤੇਰਾ ਨਹੀਂ ਅਨੁਰਾਗੀ,
ਸੱਚ ਜਾਣੋਂ ਉਹ ਬੜਾ ਅਭਾਗੀ।
ਮੈਂ ਤੇਰਾ ਤੂੰ ਮੇਰੀ ਕਤਾਬ,
ਕਿਆ ਸਰਲ ਇਹ ਹੈ ਹਸਾਬ।
ਕਦੀ ਨਾ ਹੋਵੇਂ ਮੈਥੋਂ ਨਿਆਰੀ,
ਮੇਰੀ ਪੁਸਤਕ ਪ੍ਰਾਣ ਪਿਆਰੀ॥

ਖੂਹ ਦੀ ਘਾਸੀ

ਮੋਹਣ ਇਕ ਖਿਡਾਰੀ ਮੁੰਡਾ ਸੀ । ਪੜ੍ਹਨ ਲਿਖਣ ਵਿੱਚ ਉਸਦਾ ਚਿੱਤ ਨਹੀਂ ਸੀ ਲਗਦਾ। ਦਿਨ ਰਾਤ ਉਹ ਖੇਡ ਵਿੱਚ ਹੀ ਲਗਾ ਰਹਿੰਦਾ ਸੀ। ਏਸੇ ਕਰਕੇ ਉਸਦੇ ਮਾਪੇ ਉਸ ਤੇ ਗੁੱਸੇ ਰਹਿੰਦੇ ਸਨ।

ਸਾਰਾ ਦਿਨ ਖੇਡ ਵਿੱਚ ਲੱਗਾ ਰਹਿਣ ਕਰਕੇ ਉਹ ਕਦੀ ਆਪਣਾ ਪਾਠ ਕੰਠ ਨਹੀਂ ਸੀ ਕਰਦਾ। ਉਸਦੇ ਬਹੁਤ ਸਾਰੇ ਸਾਥੀ ਪੜ੍ਹ ਲਿਖਕੇ ਹੁਸ਼ਿਆਰ ਹੋ ਗਏ ਸਨ, ਪਰ ਮੋਹਣ ਨੂੰ ਇਸ ਗੱਲ ਦੀ ਪਰਵਾਹ ਹੀ ਨਹੀਂ ਸੀ। ਇੱਕ ਦਿਨ ਉਸਨੇ ਆਪਣਾ ਪਾਠ ਕੰਠ ਨਾ ਕੀਤਾ । ਉਸਤਾਦ ਨੇ ਗੁੱਸੇ ਨਾਲ ਆਖਿਆ, "ਤੂੰ ਬੜਾ ਈ ਮੂਰਖ ਏਂ! ਪੜ੍ਹ-ਦਿਆਂ ਪੜ੍ਹਦਿਆਂ ਤੂੰ ਬੁੱਢਾ ਹੋ ਗਿਓਂ ਪਰ ਤੈਨੂੰ ਅਕਲ ਨਾ ਆਈ! ਵੇਖ! ਆਹ ਨਿੱਕੇ ਨਿੱਕੇ ਮੁੰਡੇ ਕਿਵੇਂ ਪਾਠ ਕੰਠ ਕਰਦੇ ਨੇ, ਪਰ ਤੈਨੂੰ ਜਰਾ ਵੀ ਸ਼ਰਮ ਨਹੀਂ ਆਉਂਦੀ।"

ਇਹ ਸੁਣਕੇ ਮੋਹਣ ਨੇ ਬੂਥਾ ਸੁਜਾ ਲਿਆ ਤੇ ਪੁਸ-ਤਕਾਂ ਲੈਕੇ ਪਾਠਸ਼ਾਲਾ ਤੋਂ ਦੌੜ ਗਿਆ।

ਬਾਹਰ ਆਕੇ ਮੋਹਣ ਬੜਾ ਪ੍ਰਸੰਨ ਹੋਇਆ। ਆਖਣ ਲੱਗਾ-ਚਲੋ, ਚੰਗਾ ਈ ਹੋਇਆ। ਉਸਤਾਦ ਜੀ ਹੋਰ ਗੁੱਸੇ

ਹੋ ਲੈਣ। ਹੁਣ ਮੈਂ ਕਦੀ ਵੀ ਪਾਠਸ਼ਾਲਾ ਨਹੀਂ ਜਾਵਾਂਗਾ। ਰੋਜ਼ ਰੱਜਕੇ ਖੇਡਿਆ ਕਰਾਂਗਾ। ਵਾਹ ਵਾਹ! ਖ਼ੂਬ ਮੌਜਾਂ ਹੋਣਗੀਆਂ।

ਮੋਹਣ ਖੇਡਦਾ ਖੇਡਦਾ ਇੱਕ ਬਗੀਚੇ ਵਿੱਚ ਜਾ ਵੜਿਆ। ਉੱਥੇ ਉਸਨੂੰ ਤੇਹ ਲੱਗੀ। ਤਦ ਉਹ ਖੂਹ ਤੇ ਗਿਆ ਤੇ ਇੱਕ ਪਾਣੀ ਭਰਨ ਵਾਲੇ ਨੂੰ ਆਖਣ ਲੱਗਾ, "ਲੈ ਭਈ! ਮੈਨੂੰ ਪਾਣੀ ਪਲਾ ਦੇ ਮੈਂ ਤੇਰੇ ਨਾਲ ਖੇਡਣ ਨੂੰ ਤਿਆਰ ਹਾਂ" ਫੇਰ ਉਹ ਖੂਹ ਵਿੱਚ ਪਈ ਘਾਸੀ ਨੂੰ ਵੇਖਣ ਲੱਗਾ, ਜੇੜ੍ਹੀ ਖੂਹ ਵਿੱਚੋਂ ਰੱਸੀ ਆਉਣ ਜਾਣ ਤੇ ਪੈ ਗਈ ਸੀ। ਮੋਹਣ ਨੇ ਪਾਣੀ ਭਰਨ ਵਾਲੇ ਪਾਸੋਂ ਪੁੱਛਿਆ, "ਕਿਉਂ ਭਈ! ਇਹ ਨਾਲੀਆਂ ਜੇਹੀਆਂ ਕਿਸ ਕਾਰੀਗਰ ਨੇ ਬਣਾਈਆਂ ਨੇ, ਵੇਖੇ ਨ! ਕਿੰਨੀਆਂ ਚੀਕਣੀਆਂ ਨੇ।"

ਪਾਣੀ ਭਰਨ ਵਾਲੇ ਨੇ ਉੱਤਰ ਦਿੱਤਾ "ਮੂਰਖਾ! ਤੂੰ ਇਹ ਵੀ ਨਹੀਂ ਜਾਣਦਾ ਕਿ ਇਹਨਾਂ ਨਾਲੀਆਂ ਦੇ ਬਣਾਉਣ ਵਾਲਾ ਰੱਸਾ ਹੈ।"

ਤਦ ਮੋਹਣ ਨੇ ਰੱਸਾ ਚੁੱਕਕੇ ਵੇਖਿਆ, ਪਰ ਉਹ ਨਰਮ ਸੀ, ਉਹਨੂੰ ਪਾਣੀ ਭਰਨ ਵਾਲੇ ਦੀ ਗੱਲ ਠੀਕ ਨਾ ਜਾਪੀ, ਉਹ ਫੇਰ ਆਖਣ ਲੱਗਾ, "ਕੀ ਆਖਿਆ ਜੇ?

ਏਨਾਂ ਨਰਮ ਰੱਸਾ ਭਲਾ ਏਡੇ ਸਖਤ ਪੱਥਰ ਨੂੰ ਕਿਵੇਂ ਕੱਟ ਸਕਦਾ ਹੈ?"

ਪਾਣੀ ਭਰਨ ਵਾਲੇ ਨੇ ਫੇਰ ਉੱਤਰ ਦਿੱਤਾ, "ਮੂਰਖਾ! ਇਹ ਤੇ ਨਿੱਕੀ ਜਹੀ ਗੱਲ ਏ। ਪੱਥਰ ਤੇ ਨਿੱਤ ਰੱਸੇ ਦੀ ਰਗੜ ਲੱਗਦੀ ਹੈ ਜਿਸ ਕਰਕੇ ਇਹ ਘਾਸੀ ਪੈਗਈ ਹੈ।"

ਇਹ ਸੁਣਕੇ ਮੋਹਣ ਦੀ ਸਮਝ ਵਿੱਚ ਸਾਰੀਆਂ ਗੱਲਾਂ ਆ ਗਈਆਂ। ਉਹ ਚਿੱਤ ਵਿੱਚ ਆਖਣ ਲੱਗਾ, "ਜਦ ਨਰਮ ਰੱਸੇ ਦੀ ਨਿੱਤ ਦੀ ਰਗੜ ਨਾਲ ਸਖਤ ਪੱਥਰ ਤੇ ਘਾਸੀ ਪੈ ਸਕਦੀ ਹੈ, ਤਦ ਮੈਂ ਵੀ ਰੋਜ਼ ਪਾਠ ਕੰਠ ਕਰਨ ਨਾਲ ਪੜ੍ਹ ਲਿਖ ਸਕਦਾ ਹਾਂ। ਉਹ ਉਸੇ ਵੇਲੇ ਪਾਠਸ਼ਾਲਾ ਵਿੱਚ ਪਰਤ ਆਇਆ ਤੇ ਉਸਤਾਦ ਕੋਲੋਂ ਖਿਮਾਂ ਮੰਗਕੇ ਆਖਣ ਲੱਗਾ, "ਹੁਣ ਮੈਂ ਰੋਜ਼ ਆਪਣਾ ਪਾਠ ਕੰਠ ਕਰਿਆ ਕਰਾਂਗਾ।"

ਉਸ਼ੇ ਦਿਨ ਤੋਂ ਮੋਹਣ ਚਿੱਤ ਲਾਕੇ ਆਪਣਾਂ ਪਾਠ ਕੰਠ ਕਰਨ ਲੱਗ ਪਿਆ ਤੇ ਥੋੜਿਆਂ ਹੀ ਦਿਨਾਂ ਵਿੱਚ ਚਾਤੁਰ ਬਣ ਗਿਆ, ਬਸ ਫੇਰ ਕੀ ਸੀ, ਘਰ ਬਾਹਰ ਸਾਰੇ ਉਹਦੀ ਉਸਤਤੀ ਹੋਣ ਲੱਗੀ।

ਫਰੇਬੀ

ਕਰਤਾਰਸਿੰਘ ਅਮ੍ਰਿਤਸਰ ਦਾ ਰਹਿਣ ਵਾਲਾ ਸੀ। ਉਸਦੇ ਕੋਲ ਇੱਕ ਬੜਾ ਸੋਹਣਾ ਘੋੜਾ ਸੀ। ਘੋੜਾ ਬੜਾ ਚਲਾਕ ਤੇ ਸਿੱਖਿਆ ਹੋਇਆ ਸੀ। ਆਪਣੇ ਮਾਲਕ ਦੀਆਂ ਸੈਨਤਾਂ ਤੇ ਕੰਮ ਕਰਦਾ ਸੀ। ਏਹਨਾਂ ਹੀ ਗੁਣਾਂ ਕਰਕੇ ਕਰਤਾਰ ਸਿੰਘ ਘੋੜੇ ਨਾਲ ਬੜਾ ਪ੍ਰੇਮ ਕਰਦਾ ਸੀ।

ਜਿਸ ਮਹੱਲੇ ਕਰਤਾਰ ਸਿੰਘ ਰਹਿੰਦਾ ਸੀ, ਉੱਥੇ ਹੀ ਸ਼ੇਰ ਸਿੰਘ ਨਾਓਂ ਦਾ ਇੱਕ ਹੋਰ ਆਦਮੀ ਰਹਿੰਦਾ ਸੀ। ਇੱਕ ਦਿਨ ਸ਼ੇਰਸਿੰਘ ਨੇ ਕਰਤਾਰਸਿੰਘ ਦਾ ਘੋੜਾ ਵੇਖਿਆ। ਉਹ ਬੜਾ ਪ੍ਰਸੰਨ ਹੋਇਆ। ਘੋੜਾ ਸ਼ੇਰਸਿੰਘ ਦੇ ਮਨ ਨੂੰ ਭਾ ਗਿਆ। ਘੋੜਾ ਮੁੱਲ ਲੈਣ ਦੀ ਇੱਛਾ ਕਰਕੇ ਉਹ ਕਰਤਾਰਸਿੰਘ ਕੋਲ ਗਿਆ ਤੇ ਆਖਣ ਲੱਗਾ, "ਭਾਈ ਕਰਤਾਰਸਿੰਘ ਜੀ! ਜੇ ਤੁਸੀਂ ਇਹ ਘੋੜਾ ਮੈਨੂੰ ਦੇ ਦਿਓ ਤਾਂ ਮੈਂ ਏਹਦੇ ਬਦਲੇ ਬਹੁਤ ਸਾਰਾ ਧਨ ਦੇਵਾਂਗਾ, ਤੁਸਾਂ ਕੋਈ ਹੋਰ ਲੈ ਲੈਣਾ।"

ਕਰਤਾਰਸਿੰਘ ਨੇ ਸ਼ੇਰਸਿੰਘ ਦੀਆਂ ਗੱਲਾਂ ਸੁਣਕੇ ਉੱਤਰ ਦਿੱਤਾ, "ਮਹਾਰਾਜ! ਜੇਹੜਾ ਧਨ ਮੈਨੂੰ ਦੇਂਦੇ ਹੋ ਓਸੇ

ਧਨ ਨਾਲ ਕੋਈ ਹੋਰ ਘੋੜਾ ਮੁਲ ਲੈ ਲਓ, ਮੈਂ ਇਹ ਘੋੜਾ ਨਹੀਂ ਵੇਚਣਾ।"

ਇਹ ਗੱਲ ਸੁਣਕੇ ਸ਼ੇਰਸਿੰਘ ਚਿੜ ਗਿਆ। ਉਸਨੇ ਮਨ ਵਿੱਚ ਆਖਿਆ, "ਵੱਡਾ ਘੋੜੇ ਵਾਲਾ ਬਣੀ ਫਿਰਦਾ ਏ! ਮੇਰਾ ਨਾਓਂ ਵੀ ਸ਼ੇਰਸਿੰਘ ਕਿਸ ਆਖਣਾ ਏਂ ਜੇ ਮੈਂ ਤੇਰਾ ਘੋੜਾ ਨਾ ਖੋਹ ਲਿਆ ਤੇ।" ਇਹ ਆਖਕੇ ਸ਼ੇਰਸਿੰਘ ਓਸੇ ਦਿਨ ਤੋਂ ਘੋੜਾ ਖੋਹਣ ਦੇ ਢੰਗ ਸੋਚਣ ਲੱਗਾ। ਇੱਕ ਦਿਨ ਉਸਨੇ ਆਪਣਾ ਵੇਸ ਬਦਲਿਆ ਤੇ ਪਾਟੇ ਪੁਰਾਣੇਂ ਕਪੜੇ ਪਾਕੇ ਸ਼ਹਿਰੋਂ ਬਾਹਰ ਉਸ ਚੁਰਾਹੇ ਵਿੱਚ ਜਾ ਬੈਠਾ, ਜਿੱਥੋਂ ਦੀ ਕਰਤਾਰਸਿੰਘ ਰੋਜ਼ ਘੋੜੇ ਤੇ ਚੜ੍ਹਕੇ ਸੈਰ ਜਾਂਦਾ ਲੰਘਿਆ ਕਰਦਾ ਸੀ।

ਸ਼ੇਰਸਿੰਘ ਨੇ ਥੋੜੇ ਹੀ ਚਿਰ ਪਿੱਛੋਂ ਕਰਤਾਰਸਿੰਘ ਨੂੰ ਆਉਂਦਿਆਂ ਵੇਖਿਆ। ਉਸ ਵੇਲੇ ਵੀ ਉਹ ਘੋੜੇ ਤੇ ਸਵਾਰ ਸੀ। ਜਦ ਉਹ ਸ਼ੇਰਸਿੰਘ ਦੇ ਕੋਲ ਆਇਆ, ਤਦ ਉਸਨੇ ਰੋਣਹਾਕਾ ਹੋਕੇ ਆਖਿਆ, "ਸਰਦਾਰ ਜੀ! ਮੈਂ ਪਰਦੇਸੀ ਹਾਂ, ਮੰਗਦਾ ਖਾਂਦਾ ਏਥੋਂ ਤਕ ਆ ਗਿਆ ਹਾਂ, ਤਿੰਨਾਂ ਦਿਨਾਂ ਦਾ ਭੁੱਖਾ ਤਿਹਾਇਆ ਏਥੇ ਪਿਆ ਹਾਂ। ਮੇਰੀ ਸਹਾਇਤਾ ਕਰੋ ਰੱਬ ਤੁਹਾਡੀ ਸਹਾਇਤਾ ਕਰੇਗਾ।"

ਉਸਦੀਆਂ ਇਹ ਗੱਲਾਂ ਸੁਣਕੇ ਕਰਤਾਰਸਿੰਘ ਨੂੰ

ਦਯਾ ਆ ਗਈ। ਉਹਨੇ ਸ਼ੇਰ ਸਿੰਘ ਨੂੰ ਆਖਿਆ, "ਆ ਭਈ! ਮੇਰੇ ਘੋੜੇ ਤੇ ਚੜ੍ਹ ਬਹੁ, ਮੈਂ ਤੈਨੂੰ ਸ਼ਹਿਰ ਲੈ ਚਲਦਾ ਹਾਂ।"

ਸ਼ੇਰਸਿੰਘ ਨੇ ਉੱਤਰ ਦਿੱਤਾ, "ਆਹ! ਜੇ ਉੱਠਣ ਦੀ ਹਿੰਮਤ ਹੁੰਦੀ, ਤਾਂ ਏਥੇ ਕਿਉਂ ਪਿਆ ਰਹਿੰਦਾ, ਸ਼ਹਿਰ ਵਿੱਚ ਹੀ ਨਾ ਚਲਾ ਜਾਂਦਾ। ਹੁਣ ਤੇ ਤੁਸੀਂ ਹੀ ਕੋਈ ਸਹਾਇਤਾ ਕਰੋ ਤਾਂ ਮੇਰੀ ਜਾਨ ਬਚ ਸਕਦੀ ਹੈ।"

ਇਹ ਸੁਣਕੇ ਕਰਤਾਰ ਸਿੰਘ ਘੋੜੇ ਤੋਂ ਉਤਰ ਪਿਆ ਤੇ ਬੜੀ ਔਕੜ ਨਾਲ ਸ਼ੇਰ ਸਿੰਘ ਨੂੰ ਚੁੱਕਕੇ ਘੋੜੇ ਤੇ ਚੜ੍ਹਾਇਆ। ਜਿਉਂ ਹੀ ਸ਼ੇਰ ਸਿੰਘ ਘੋੜੇ ਤੇ ਚੜ੍ਹਿਆ, ਤਿਉਂ ਹੀ ਉਹਨੇ ਘੋੜੇ ਨੂੰ ਅੱਡੀ ਲਾਕੇ ਭਜਾਇਆ ਤੇ ਚਲਦਾ ਚਲਦਾ ਕਰਤਾਰ ਸਿੰਘ ਨੂੰ ਆਖਣ ਲੱਗਾ, "ਕਿਉਂ ਜੀ ਪਛਾਣਿਆ ਜੇ ਕਿ ਨਹੀਂ ? ਮੈਂ ਓਹੋ ਸ਼ੇਰ ਸਿੰਘ ਜੇ! ਅੱਜ ਬੜੀ ਮੁਸ਼ਕਲ ਨਾਲ ਮੈਂ ਏਸ ਘੋੜੇ ਨੂੰ ਪ੍ਰਾਪਤ ਕਰ ਸਕਿਆ ਹਾਂ, ਚੰਗਾ ਜੀ, ਸਤਿ ਸ੍ਰੀ ਅਕਾਲ!"

ਇਹ ਹਾਲ ਵੇਖਕੇ ਕਰਤਾਰ ਸਿੰਘ ਪਹਿਲਾਂ ਤਾਂ ਬੜਾ ਹੈਰਾਨ ਹੋਇਆ, ਪਰ ਸ਼ੇਰ ਸਿੰਘ ਦੀ ਗੱਲ ਸੁਣਕੇ ਸਾਰਾ ਭੇਤ ਸਮਝ ਗਿਆ। ਉਹਨੇ ਸ਼ੇਰ ਸਿੰਘ ਨੂੰ ਉੱਚੀ ਦਿੱਤੀ

ਆਖਿਆ, "ਜ਼ਰਾ ਖਲੋ ਤਾਂ ਜਾਓ, ਮੈਂ ਤੁਹਾਡੇ ਨਾਲ ਇੱਕ ਦੋ ਗੱਲਾਂ ਕਰਨੀਆਂ ਹਨ।"

ਸ਼ੇਰ ਸਿੰਘ ਬੜੀ ਖੁਸ਼ੀ ਨਾਲ ਜਿਨੀਆਂ ਗੱਲਾਂ ਜੀ ਕਰੇ ਕਰੋ।

ਕਰਤਾਰ ਸਿੰਘ—ਤੁਸਾਂ ਮੇਰਾ ਘੋੜਾ ਲੈਲਿਆ, ਚੰਗਾ ਕੀਤਾ, ਪਰ ਕਿਸੇ ਨੂੰ ਇਹ ਨਾ ਆਖਣਾ ਕਿ ਮੈਂ ਘੋੜਾ ਕਿਵੇਂ ਲਿਆਂਦਾ ਹੈ।"

ਸ਼ੇਰ ਸਿੰਘ—ਵਾਹ ਜੀ ਵਾਹ! ਆਖਾਂ ਕਿਉਂ ਨਾ?

ਕਰਤਾਰ ਸਿੰਘ—ਏਸ ਲਈ ਕਿ ਜੇ ਕੋਈ ਆਦਮੀ ਸੱਚੀ ਮੁੱਚੀ ਰੋਗੀ ਹੋਇਆ, ਤਾਂ ਲੋਕ ਉਹਨੂੰ ਧੋਖੇਬਾਜ਼ ਜਾਣਕੇ ਉਹਦੀ ਮਦਦ ਨਹੀਂ ਕਰਨਗੇ। ਉਹ ਵਚਾਰਾ ਮੁਫਤ ਵਿੱਚ ਦੁਖੀ ਹੋਵੇਗਾ।

ਇਹ ਸੁਣਦਿਆਂ ਹੀ ਸ਼ੇਰ ਸਿੰਘ ਆਪਣੀ ਕਰਨੀ ਤੇ ਬਹੁਤ ਪਛਤਾਇਆ। ਉਹ ਘੋੜੇ ਤੋਂ ਉਤਰ ਪਿਆ ਤੇ ਕਰਤਾਰ ਸਿੰਘ ਨੂੰ ਆਖਣ ਲੱਗਾ, "ਸਰਦਾਰ ਜੀ! ਆਪਣਾ ਘੋੜਾ ਲੈ ਲਓ। ਮੈਨੂੰ ਮਾਫ਼ ਕਰ ਦਿਓ, ਅੱਗੇ ਤੋਂ ਮੈਂ ਕਦੀ ਕਿਸੇ ਨਾਲ ਧੋਖਾ ਨਹੀਂ ਕਰਾਂਗਾ। ਤੁਸਾਂ ਮੈਨੂੰ ਇੱਕ ਘੋਰ ਪਾਪ ਤੋਂ ਬਚਾ ਲਿਆ ਹੈ।"

ਕਰਤਾਰ ਸਿੰਘ ਆਪਣਾ ਘੋੜਾ ਲੈਕੇ ਬੜਾ ਪ੍ਰਸੰਨ

ਹੋਇਆ। ਉਹ ਸ਼ੇਰਸਿੰਘ ਨੂੰ ਆਪਣੇਂ ਘਰ ਲੈ ਆਇਆ, ਤੇ ਉਸਦਾ ਬੜਾ ਆਦਰ ਕੀਤਾ । ਓਸੇ ਦਿਨ ਤੋਂ ਦੋਵੇਂ ਆਦਮੀਂ ਗੂੜ੍ਹੇ ਮਿਤ੍ਰ ਬਣ ਗਏ।

ਧੋਖਾ ਬੁਰੀ ਵਸਤੂ ਹੈ। ਧੋੱਖਾ ਕਰਨ ਵਾਲੇ ਦੀ ਗੱਲ ਤੇ ਕੋਈ ਭਰੋਸਾ ਨਹੀਂ ਕਰਦਾ। ਏਸ ਲਈ ਕਦੀ ਵੀ ਕਿਸੇ ਨਾਲ ਧੋਖਾ ਨਹੀਂ ਕਰਨਾ ਚਾਹੀਦਾ।

ਐਸੇ ਨੂੰ ਤੈਸਾ

ਚਿਰਾਂ ਦੀ ਗੱਲ ਹੈ ਕਿ ਇਕ ਸ਼ਹਿਰਵਿਚ ਇਕ ਨਾਈ ਰਹਿੰਦਾ ਸੀ। ਉਹ ਆਪਣੇ ਕੰਮ ਵਿਚ ਬੜਾ ਚਤੁਰ ਸੀ। ਸ਼ਹਿਰ ਦੇ ਵਡੇ ਵਡੇ ਆਦਮੀਂ ਉਸ ਕੋਲੋਂ ਹਜਾਮਤ ਕਰਵਾਉਂਦੇ ਸਨ, ਏਸ ਕਰਕੇ ਉਸਨੂੰ ਬੜਾ ਘਮੰਡ ਹੋ ਗਿਆ ਸੀ। ਇਕ ਦਿਨ ਇਕ ਲਕੜੀਆਂ ਵੇਚਣ ਵਾਲਾ ਖੋਤੇ ਤੇ ਲਕੜੀਆਂ ਲੱਦੀ ਉਹਦੀ ਹੱਟੀ ਅਗੋਂ ਦੀ ਲੰਘਿਆ ਨਾਈ ਨੇ ਉਸ ਕੋਲੋਂ ਪੁਛਿਆ "ਮੀਆਂ! ਲਕੜੀਆਂ ਦੇ ਖੋਤੇ ਦਾ ਕੀ ਲੈਣਾ ਈ?" ਕਰਦਿਆਂ ਕਰਾਉਂਦਿਆਂ ਚਾਰ ਆਨਿਆਂ ਤੋਂ ਸੌਦਾ ਹੋਗਿਆ।

ਉਸ ਲੱਕੜਾਂ ਵਾਲੇ ਨੇ ਨਾਈਦੀ ਹੱਟੀ ਅਗੇ ਲਕੜਾਂ ਢੇਰੀ ਕਰ ਦਿਤੀਆਂ ਤੇ ਪੈਸੇ ਮੰਗੇ। ਨਾਈ ਨੇ ਆਖਿਆ, "ਮੀਆਂ! ਖੋਤੇ ਨੂੰ ਕਿਧਰ ਲੈ ਚਲਿਆ ਏਂ? ਮੈਂ ਤੇ ਲਕੜਾਂ ਦਾ ਸਣੇ ਖੋਤੇ ਮੁਲ ਕੀਤਾ ਹੈ, ਸੋ ਆਹ ਲੈ ਚਾਰ ਆਨੇ ਤੇ ਖੋਤਾ ਵੀ ਏਥੇ ਹੀ ਰਹਿਣ ਦੇ॥" ਲੱਕੜਾਂ ਵਾਲੇ ਨੇ ਅੱਗੋਂ ਉਤ੍ਰ ਦਿੱਤਾ "ਭਾਈ, ਮੈਂ ਗਰੀਬ ਆਦਮੀ ਹਾਂ ਮੇਰੇ ਨਾਲ ਹਾਸਾ ਨ ਕਰੋ। ਕਦੀ ਚਾਰ ਆਨਿਆਂ ਵਿਚ ਲੱਕੜਾਂ

ਦੇ ਨਾਲ ਖੋਤਾ ਵਿਕਦਾ ਵੀ ਸੁਣਿਆ ਜੇ ?" ਪਰ ਨਾਈ ਨਾ ਮੰਨਿਆਂ ਉਸਨੇ ਬਦੋਬਦੀ ਖੋਤਾ ਵੀ ਖੋਹ ਲਿਆ।

ਲਕੜਾਂ ਵਾਲਾ ਵਿਚਾਰਾ ਰੋਂਦਾ ਪਿਟਦਾ ਸ਼ਹਿਰ ਦੇ ਹਾਕਮ ਕੋਲ ਗਿਆ ਤੇ ਆਪਣੀ ਉਕਤ ਸਾਰੀ ਰਾਮ ਕਹਾਣੀ ਸੁਣਾਈ। ਹਾਕਮ ਬੜਾ ਸਿਆਣਾ ਸੀ। ਉਸਨੇ ਉਸਦੇ ਕੰਨ ਵਿਚ ਕੁਝ ਆ ਖਆ ਤੇ ਉਹ ਖੁਸ਼ੀ ੨ ਘਰ ਮੁੜ ਗਿਆ।

ਕੁਝ ਚਿਰ ਪਿਛੋਂ ਫੇਰ ਉਹ ਖਤਾ ਲੈਕੇ ਨਾਈ ਦੀ ਦੂਕਾਨ ਅੱਗੋਂ ਦੀ ਲੰਘਿਆ। ਉਸਨ ਬੜੇ ਪ੍ਰੇਮ ਨਾਲ ਨਾਈ ਨੂੰ ਸਲਾਮ ਕੀਤੀ ਤੇ ਅਜਿਹਾ ਬਣ ਗਿਆ ਕਿ ਜਾਣੀਦਾ ਪਹਿਲੀ ਗੱਲ ਉਸਦੇ ਚਿਤ ਚੇਤੇ ਵੀ ਨਹੀਂ। ਉਸਨੇ ਨਾਈ ਨੂੰ ਆਖਿਆ "ਭਰਾਵਾ ! ਮੇਰਾ ਵਿਆਹ ਹੋਣ ਵਾਲਾ ਹੈ, ਸੋ ਮੇਰੀ ਤੇ ਮੇਰੇ ਸਾਥੀ ਦੀ ਹਜਾਮਤ ਕਰ ਦੇ, ਜੋ ਮੰਗੇਂਗਾ, ਦੇ ਦਿਆਂਗਾ।" ਨਾਈ ਛੋਟੇ ਆਦਮੀਆਂ ਦੀਆਂ ਹਜਾਮਤਾਂ ਨਹੀਂ ਸੀ ਕਰਿਆ ਕਰਦਾ ਉਸਨੇ ਟਾਲਣ ਲਈ ਉੱਤਰ ਦਿਤਾ, "ਮੀਆਂ ! ਜੇ ਤੂੰ ਇਕ ਰੁਪਿਆ ਦੇਵੇਂ ਤਾਂ ਮੈਂ ਤੇਰੀ ਤੇ ਤੇਰੇ ਸਾਥੀ ਦੀ ਹਜਾਮਤ ਕਰ ਦਿਆਂਗਾ" ਉਸ ਲੱਕੜਾਂ ਵਾਲੇ ਨੇ ਇਕ ਰੁਪਿਆ,ਦੇਣਾ ਪਰਵਾਨ ਕਰਲਿਆ।

ਉਹ ਆਪਣੇ ਖੋਤੇ ਨੂੰ ਬਾਹਰ ਬੰਨ੍ਹਕੇ ਹਜਾਮਤ

ਕਰਵਾਉਣ ਬੈਹ ਗਿਆ। ਜਦ ਉਸਦੀ ਹਜਾਮਤ ਬਣ ਗਈ ਤਾਂ ਉਸਨੇ ਪੁੱਛਿਆ, "ਭਈ ਤੇਰਾ ਸਾਥੀ ਕਿਥੇ ਹੈ?" ਲਕੜਾਂ ਵਾਲੇ ਨੇ ਖੋਤੇ ਵਲ ਸੈਨਤ ਕਰਕੇ ਕਿਹਾ, "ਔਹ ਮੇਰਾ ਸਾਥੀ ਹੈ, ਹੁਣ ਜਰਾ ਉਸਦੀ ਵੀ ਹਜਾਮਤ ਕਰ ਦਿਓ।" ਇਹ ਸੁਣਕੇ ਨਾਈ ਗੁੱਸੇ ਵਿੱਚ ਆ ਗਿਆ। ਉਹ ਗਾਲੀਆਂ ਦੇਣ ਲੱਗਾ। ਦੋਵੇਂ ਲੜਦੇ ਝਗੜਦੇ ਸ਼ਹਿਰ ਦੇ ਹਾਕਮ ਕੋਲ ਗਏ।

ਲੱਕੜਾਂ ਵਾਲੇ ਨੇ ਹਾਕਮ ਨੂੰ ਆਖਿਆ, "ਸਰਕਾਰ! ਨਾਈ ਨੇ ਇਹ ਮੰਨਿਆਂ ਸੀ ਕਿ ਇੱਕ ਰੁਪਿਆ ਲੈਕੇ ਉਹ ਮੇਰੀ ਤੇ ਮੇਰੇ ਸਾਥੀ ਦੀ ਹਜਾਮਤ ਕਰ ਦੇਵੇਗਾ। ਇਹੋ ਖੋਤਾ ਮੇਰਾ ਸਾਥੀ ਹੈ, ਨਾਈ ਨੇ ਏਸ ਨੂੰ ਪਹਿਲਾਂ ਹੀ ਵੇਖ ਲਿਆ ਸੀ, ਹੁਣ ਇਹ ਏਸਦੀ ਹਜਾਮਤ ਕਿਉਂ ਨਹੀਂ ਕਰਦਾ?"

ਹਾਕਮ ਨੇ ਨਾਈ ਕੋਲੋਂ ਪੁਛਿਆ, "ਕੀ ਜੋ ਕੁਝ ਇਹ ਆਖਦਾ ਹੈ ਸਚ ਹੈ ਜਾਂ ਨਹੀਂ?"

ਨਾਈ ਨੇ ਕਿਹਾ, "ਸਰਕਾਰ! ਜੋ ਕੁਝ ਏਹ ਆਖਦਾਏ ਹੈ ਤੇ ਸਚ, ਪਰ ਮੈਨੂੰ ਇਹ ਨਹੀਂ ਸੀ ਪਤਾ ਕਿ ਇਹ ਖੋਤੇ ਦੀ ਹਜਾਮਤ ਕਰਵਾਇਗਾ। ਤੁਸੀ ਸਿਆਣੇ ਹੋ ਕਦੀ ਨਾਈ ਖੋਤੇ ਦੀ ਹਜਾਮਤ ਵੀ ਕਰਦੇ ਹਨ?"

ਹਾਕਮ--ਤੇਰਾ ਕਹਿਣਾ ਤੇ ਸਚ ਹੈ, ਪਰ ਕਦੀਂ ਲੱਕੜਾਂ ਨਾਲ ਖੋਤੇ ਵੀ ਵਿਕਦੇ ਹਨ ? ਸੋ ਹੁਣ ਤੈਨੂੰ ਖੋਤੇ ਦੀ ਹਜਾਮਤ ਕਰਨੀ ਹੀ ਪਵੇਗੀ।

ਹੁਣ ਨਾਈ ਕੀ ਕਰਦਾ, ਸੈਆਂ ਦੇ ਸਾਮਣੇਂ ਉਸਨੂੰ ਖੋਤੇ ਦੀ ਹਜਾਮਤ ਬਣਾਉਣੀ ਪਈ । ਉਸਦੀ ਸਾਰੀ ਸ਼ੇਖੀ ਘੁਮੰਡ ਮਿੱਟੀ ਵਿਚ ਮਿਲ ਗਿਆ ਇਸ ਦੇ ਪਿਛੋਂ ਹਾਕਮ ਨੇ ਲੱਕੜਾਂ ਵਾਲੇ ਦਾ ਪਹਿਲਾ ਖੋਤਾ ਵੀ ਮੁੜਵਾ ਦਿਤਾ। ਲੱਕੜਾਂ ਵਾਲੇ ਨਾਲ ਛੇੜਖਾਨੀ ਕਰਨ ਦਾ ਸਵਾਦ ਵਿਚਾਰੇ ਨੂੰ ਚੰਗਾ ਮਿਲ ਗਿਆ।

ਕਰਨੀਆਂ ਭਰਨੀਆਂ

ਪਿਛਲੇ ਸਮੇਂ ਵਿਚ ਲੁਕਮਾਨ ਇਕ ਮੰਨਿਆਂ ਪਰਮੰਨਿਆਂ ਹਕੀਮ ਹੋ ਗੁਜ਼ਿਰਆ ਹੈ। ਅਫਰੀਕਾ ਦੇਸ ਦੇ ਰਹਿਣ ਵਾਲੇ ਸਨ। ਉਥੋਂ ਦੇ ਆਦਮੀ ਹਬਸ਼ੀ ਅਖਵਾਉਂਦੇ ਹਨ। ਉਨ੍ਹਾਂ ਦਾ ਰੰਗ ਕੋਲੇ ਵਰਗਾ ਕਾਲਾ ਹੁੰਦਾਹੈ,ਕਿਉਂਕਿ ਉਥੇ ਗਰਮੀਂ ਬਹੁਤ ਪੈਂਦੀ ਹੈ।

ਪੁਰਾਣੇ ਜ਼ਮਾਨੇ ਵਿਚ ਦੂਜੇ ਲੋਕ ਹਬਸ਼ੀਆਂ ਨੂੰ ਫੜ ਲਿਆਉਂਦੇ ਤੇ ਉਨ੍ਹਾਂ ਨੂੰ ਦੂਜੇ ਦੇਸਾਂ ਵਿਚ ਵੇਚ ਦੇਂਦੇ ਸਨ। ਏਨ੍ਹਾਂ ਨੂੰ ਗੁਲਾਮ ਆਖਦੇ ਸਨ। ਏਨ੍ਹਾਂ ਕੋਲੋਂ ਬੜੇ ਸਖਤ ਕੰਮ ਲੀਤੇ ਜਾਂਦੇ ਸਨ, ਫੇਰ ਵੀ ਮਾਲਕ ਉਨ੍ਹਾਂ ਨੂੰ ਬੜੀਆਂ ਤਕਲੀਫਾਂ ਦੇਂਦੇ ਸਨ । ਇਕ ਵਾਰ ਲੁਕਮਾਨ ਹੋਰੀਂ ਵੀ ਫੜੇ ਗਏ ਤੇ ਉਨ੍ਹਾਂ ਨੂੰ ਤੀਹਾਂ ਅਸ਼ਰਫੀਆਂ ਤੋਂ ਮਿਸਰ ਦੇਸ਼ ਦੇ ਇਕ ਧਨੀ ਆਦਮੀ ਨੇ ਮੁਲ ਲੈ ਲਿਆ। ਉਸ ਸਮੇਂ ਉਥੇ ਵਡੇ ਵਡੇ ਪ੍ਰਸਿੱਧ ਵਿਦਵਾਨ ਰਹਿੰਦੇ ਸਨ । ਕੰਮ ਤੋਂ ਛੁੱਟੀ ਮਿਲਦਿਆਂ ਹੀ ਲੁਕਮਾਨ ਵਿਦਵਾਨਾਂ ਕੋਲ ਜਾ ਬੈਠਦੇ ਤੇ ਉਨ੍ਹਾਂ ਦੀਆਂ ਸਿਆਣੀਆਂ ਗੱਲਾਂ ਸੁਣਦੇ । ਉਹ ਹਰ ਇਕ ਗੱਲ ਨੂੰ ਬੜੇ ਧਿਆਨ ਨਾਲ ਸੁਣਕੇ ਵਿਚਾਰਦੇ

ਹੌਲੀ ਹੌਲੀ ਉਹ ਚੰਗੇ ਸਿਆਣੇ ਹੋਗਏ।

ਲੁਕਮਾਨ ਦਾ ਮਾਲਕ ਬੜਾ ਦੁਸ਼ਟ ਸੀ। ਉਹ ਗੁਲਾਮਾਂ ਨੂੰ ਬੜਾ ਦੁੱਖ ਦਿਆ ਕਰਦਾ ਸੀ। ਲੁਕਮਾਨ ਦਿਨੇ ਰਾਤ ਏਸੇ ਸੋਚ ਵਿੱਚ ਰਹਿੰਦੇ ਸਨ ਕਿ ਕਿਵੇਂ ਇਨ੍ਹਾਂ ਗੁਲਾਮਾਂ ਦਾ ਦੁਖ ਦੂਰ ਕੀਤਾ ਜਾਵੇ,

ਇੱਕ ਵਾਰੀ ਲੁਕਮਾਨ ਦੇ ਮਾਲਕ ਨੇ ਹੁਕਮ ਕੀਤਾ ਕਿ ਤੂੰ ਮੇਰੇ ਖੇਤਾਂ ਵਿਚ ਜੌਂ ਬੀਜ ਆ। ਲੁਕਮਾਨ ਬੜੀ ਖੁਸ਼ੀ ਨਾਲ ਗਏ ਤੇ ਚੁਪਚਾਪ ਜੌਂਵਾਂ ਦੀ ਥਾਂ ਛੋਲ ਬੀਜ ਆਏ।

ਇੱਕ ਦਿਨ ਲੁਕਮਾਨ ਦਾ ਮਾਲਕ ਪੈਲੀਆਂ ਵੇਖਣ ਗਿਆ। ਉਸਨੇ ਜਵਾਂ ਦੀ ਥਾਂ ਛੋਲਿਆਂ ਦੇ ਹਰੇ ਹਰੇ ਬੂਟੇ ਵੇਖੇ ਨਰਾਜ ਹੋਕੇ ਲੁਕਮਾਨ ਤੋਂ ਪੁਛਿਆ 'ਕਿਉਂ ਓਏ ਮੂਰਖਾ! ਮੈਂ ਤੇ ਤੈਨੂੰ ਜੌ ਬੀਜਣ ਦਾ ਹੁਕਮ ਦਿੱਤਾ ਸੀ? ਫੇਰ ਤੂੰ ਛੋਲੇ ਕਿਉਂ ਬੀਜ ਦਿੱਤੇ?"

ਲੁਕਮਾਨ ਨੇ ਸਿਰ ਨਵਾਂ ਕੇ ਉਤ੍ਰ ਦਿਤਾ, 'ਜੀ ਛੋਲੇ ਮੈਂ ਇਸ ਆਸ ਤੇ ਬੀਜੇ ਹਨ ਕਿ ਉਨ੍ਹਾਂ ਦੀ ਬਦਲ ਜੌ ਉਗਣ'

ਇਹ ਸੁਣਕੇ ਮਾਲਕ ਹੋਰ ਵੀ ਗੁਸੇ ਵਿਚ ਆ ਗਿਆ। ਉਹ ਕੜਕ ਕੇ ਬੋਲਿਆ "ਓ ਉੱਲੂ! ਤੈਨੂੰ ਕੋਈ ਅਕਲ ਨਹੀਂ, ਦੁਨੀਆਂ ਵਿੱਚ ਕਦੀ ਇਹ ਵੀ ਵੇਖਿਆ ਈ

ਕਿ ਬੀਜੇ ਜਾਣ ਛੋਲੇ ਤੇ ਉਗਣ ਜੌਂ–ਜਾਂ ਮੇਰੇ ਹੀ ਖੇਤ ਵਿਚ ਇੰਜ ਹੋਵੇਗਾ ?"

ਲੁਕਮਾਨ ਨੇ ਉੱਤ੍ਰ ਦਿਤਾ, "ਜੀ ਮੇਰਾ ਦੋਸ਼ ਮਾਫ ਕਰ ਦਿਓ ! ਤੁਸੀ ਸਦਾ ਸੰਸਾਰ ਦੇ ਖੇਤ ਵਿੱਚ ਪਾਪ ਦਾ ਬੀਜ ਬੀਜਦੇ ਹੋ ਤੇ ਚਾਹੁੰਦੇ ਹੋ ਕਿ ਚੰਗਾ ਫਲ ਮਿਲੇ ! ਅਸੀਂ ਗੁਲਾਮ ਵੀ ਆਦਮੀ ਹਾਂ, ਪਰ ਤੁਸੀ ਸਾਨੂੰ ਏਨਾਂ ਦੁੱਖ ਦੇਂਦੇ ਹੋ ਕਿ ਦਿਨ ਰਾਤ ਸਾਡੀਆਂ ਅੱਖਾਂ ਵਿਚੋਂ ਪਾਣੀ ਨਹੀਂ ਸੁਕਦਾ ! ਤੁਸੀਂ ਹੀ ਦੱਸੋ ਕਿ ਤੁਹਾਡੇ ਏਨ੍ਹਾਂ ਕੰਮਾਂ ਨਾਲ ਈਸ਼ਵਰ ਖੁਸ਼ ਹੋਵੇਗਾ ਮੈਂ ਵੀ ਸੋਚਿਆ ਵੇਖਾਂ ਤਾਂ ਸਹੀ ਛੋਲੇ ਬੀਜਣ ਨਾਲ ਜੌਂ ਉਗ...... ..!"

ਲੁਕਮਾਨ ਨੂੰ ਟੋਕ ਕੇ ਉਨ੍ਹਾਂ ਦਾ ਮਾਲਕ ਬੋਲਿਆ, "ਬਸ ! ਬਸ ! ਮੈਂ ਤੇਰਾ ਮਤਲਬ ਸਮਝ ਗਿਆ ਹਾਂ। ਤੇਰਾ ਕਹਿਣਾ ਠੀਕ ਹੈ । ਅਜ ਤੋਂ ਮੈਂ ਕਿਸੇ ਗੁਲਾਮ ਨੂੰ ਦੁਖ ਨਹੀਂ ਦਿਆਂਗਾ ਤੂੰ ਮੈਨੂੰ ਘੋਰ ਪਾਪ ਤੋਂ ਬਚਾ ਲਿਆ ਹੈ ।"

ਇਸ ਕਹਾਣੀ ਦਾ ਭਾਵ ਇਹ ਹੈ ਕਿ ਜਿਸ ਤਰਾਂ ਦਾ ਕੰਮ ਕੀਤਾ ਜਾਵੇ ਫਲ ਵੀ ਉਸ ਤਰਾਂ ਦਾ ਮਿਲਦਾ ਹੈ। ਇਹ ਅਖਾਉਤ ਪ੍ਰਸਿੱਧ ਹੈ ਕਿ ਜੈਸੀ ਕਰਨੀ ਵੈਸੀ ਭਰਨੀ।

ਮੇਰੀ ਮਾਤਾ !

ਨਿੱਕੇ ਹੁੰਦਿਆਂ ਦਾ ਜਿਸ ਮੇਰਾ
ਭਾਰੀ ਬੋਝਾ ਢੋਇਆ ਹੈ ।
ਮੇਰੇ ਪਾਲਨ ਕਾਰਨ ਜਿਸ ਨੇ
ਸੁਖ ਅਪਣਾ ਸਭ ਖੋਇਆ ਹੈ ॥
ਪ੍ਰੇਮ ਹਿਤ ਗੋਦੀ ਵਿਚ ਲੈਕੇ
ਜਿਸਨੇ ਦੁੱਧ ਪਲਾਇਆ ਹੈ ।
ਪੂਜਨੀਕ ਹੈ ਮਾਤਾ ਮੇਰੀ
ਮਾਂ ਮਮਤਾ ਦੀ ਮਾਇਆ ਹੈ ॥
ਰੀਂ ਰੀਂ ਕਰਕੇ ਦਿਨੇ ਰਾਤ ਮੈਂ
ਰੋਂਦਾ ਤੇ ਕੁਰਲਾਂਦਾ ਸਾਂ ।
ਲੋਰੀਆਂ ਦੇ ਦੇ ਚੁੱਪ ਕਰਾਵੇ
ਐਪਰ ਰੋਂਦਾ ਜਾਂਦਾ ਸਾਂ ॥
ਹੱਗ ਮੂਤ ਮੈਂ ਉੱਤੇ ਦੇਵਾਂ
ਮੌਜਾਂ ਖੂਬ ਉਡਾਂਦਾ ਸਾਂ ।
ਕਦੀ ਨਾ ਝਿੜਕੇ ਮਾਤਾ ਮੇਰੀ
ਰੌਲਾ ਭਾਵੇਂ ਪਾਂਦਾ ਸਾਂ ॥

ਪਿਆਰੀ ਹੈਂ ਤੂੰ ਮਾਤਾ ਮੇਰੀ
ਗੁਣ ਤੇਰੇ ਨਿੱਤ ਗਾਵਾਂਗਾ ।
ਵਡਾ ਹੋਕੇ ਧਨ ਕਮਾਕੇ
ਤੇਰੀ ਸੇਵ ਕਮਾਵਾਂਗਾ ॥
ਤਨ ਮਨ ਤੇਰੇ ਅਰਪਨ ਕਰਕੇ
ਧਨ ਵੀ ਭੇਂਟ ਝੜ੍ਹਾਵਾਂਗਾ ।
ਮੈਂ ਨਿਮਾਣਾ ਹੋ ਕੇ ਮਾਤਾ
ਚਰਨੀ ਸੀਸ ਨਵਾਵਾਂਗਾ ॥

ਰੁਪਯਾਂ ਦੀ ਥੈਲੀ

ਤੁਸਾਂ ਕਈ ਵਾਰ ਪਿੰਡਾਂ ਵਿਚ ਫਿਰਕੇ, ਕਪੜਾ ਤੇ ਮੁਨਿਆਰੀ ਵੇਚਦੇ ਆਦਮੀਂ ਵੇਖੇ ਹੋਣਗੇ, ਏਨ੍ਹਾਂ ਨੂੰ ਲੋਕ ਵਣਜਾਰੇ ਆਖਦੇ ਹਨ। ਇਹ ਪਿੰਡਾਂ ਵਿਚ ਫਿਰਕੇ ਸੌਦਾ ਵੇਚਦੇ ਹਨ।

ਇੱਕ ਵਾਰ ਇੱਕ ਵਣਜਾਰਾ ਸੌਦਾ ਵੇਚਦਾ ਹੋਇਆ ਫਿਰ ਰਿਹਾ ਸੀ ਕਿ ਏਕ ਪਿੰਡ ਆਕੇ ਸੌਦਾ ਮੁੱਕ ਗਿਆ। ਉਥੋਂ ਉਹ ਸਿੱਧਾ ਅਮ੍ਰਿਤਸਰ ਨੂੰ ਤੁਰ ਪਿਆ। ਪੈਂਡਾ ਦੂਰ ਸੀ ਏਸ ਕਰਕੇ ਰਾਹ ਵਿਚ ਰਾਤ ਪੈ ਗਈ। ਉਸਦੇ ਕੋਲ ਪੰਜ ਹਜਾਰ ਰੁਪੱਯਾਂ ਦੀ ਇਕ ਥੈਲੀ ਸੀ। ਉਹ ਵਣਜਾਰਾ ਰਾਤ ਕੱਟਣ ਲਈ ਇਕ ਬਾਗ ਵਿਚ ਜਾ ਸੁੱਤਾ। ਓਥੇ ਹੋਰ ਵੀ ਕਈ ਮੁਸਾਫਰ ਸੁੱਤੇ ਹੋਏ ਸਨ। ਸਵੇਰ ਹੋਣ ਤੇ ਉਠ ਕੇ ਸਭ ਆਪੋ ਆਪਣੇ ਰਾਹੇ ਪਏ। ਉਹ ਵਣਜਾਰਾ ਵੀ ਸ਼ਹਿਰ ਨੂੰ ਤੁਰ ਪਿਆ! ਰੱਬ ਦੀ ਨੇਤ ਉਹ ਰੁਪਯਾਂ ਦੀ ਥੈਲ਼ੀ ਉਥੇ ਹੀ ਭੁੱਲ ਗਿਆ।

ਅਮ੍ਰਿਤਸਰ ਵਿਚ ਇਕ ਪਾਂਡੀ ਰਹਿੰਦਾ ਸੀ। ਉਸਦੇ ਲੜਕੇ ਦਾ ਨਾਉਂ ਪ੍ਰੇਮਸਿੰਘ ਸੀ। ਪ੍ਰੇਮਸਿੰਘ ਬੜਾ ਇਮਾਨ-

ਦਾਰ ਮੁੰਡਾ ਸੀ। ਘਰੋਂ ਬੜੇ ਗਰੀਬ ਸਨ, ਪਰ ਰੱਬ ਦੀ ਰਜਾ ਸਿਰ ਮੱਥੇ ਤੇ ਮੰਨਦੇ ਸਨ। ਪ੍ਰੇਮਸਿੰਘ ਸਵੇਰੇ ਤੜਕੇ ਹੀ ਉਠਕੇ ਬਾਗ ਦੀ ਸੈਰ ਕਰਨ ਜਾਇਆ ਕਰਦਾ ਸੀ, ਕਿਉਂਕਿ ਜੇੜ੍ਹੇ ਆਦਮੀ ਤੜਕੇ ਉਠਕੇ ਬਾਹਰ ਦੀ ਠੰਡੀ ਹਵਾ ਭਖਦੇ ਨੇ ਉਹ ਸਦਾ ਖੁਸ਼ੀ ਰਹਿੰਦੇ ਹਨ।

ਉਸ ਦਿਨ ਪ੍ਰੇਮ ਸਿੰਘ ਘੁੰਮਦਾ ਘੁੰਮਦਾ ਉਸੇ ਬਾਗ ਵਿਚ ਜਾ ਪਹੁੰਚਿਆ।ਉਸਨੂੰ ਵਣਜਾਰੇ ਦੀ ਉਹ ਰੁਪਯਾਂ ਦੀ ਥੈਲੀ ਮਿਲ ਗਈ। ਥੈਲੀ ਵੇਖਕੇ ਪ੍ਰੇਮ ਸਿੰਘ ਬੜਾ ਦੁਖੀ ਹੋਇਆ ਉਹ ਸੋਚਣ ਲਗਾ, ਜਿਸ ਆਦਮੀ ਦੀ ਇਹ ਥੈਲੀ ਡਿਗ ਪਈ ਹੈ, ਉਹ ਮੌਤ ਤੋਂ ਬਿਨਾ ਹੀ ਮਰ ਜਾਵੇਗਾ। ਏਸਦੇ ਮਾਲਕ ਦਾ ਪਤਾ ਕਰਨਾ ਚਾਹੀਦਾ ਹੈ।

ਏਧਰ ਜਦ ਵਣਜਾਰਾ ਮੰਡੀ ਵਿਚ ਆਇਆ ਤਾਂ ਇਹ ਵੇਖਕੇ ਕਿ ਰੁਪਯਾਂ ਵਾਲੀ ਥੈਲੀ ਉਹ ਬਾਗ ਵਿਚ ਹੀ ਭੁੱਲ ਆਇਆ ਹੈ, ਸੁੰਨ ਹੋ ਗਿਆ। ਉਹ ਘਾਬਰ ਕੇ ਬਾਗ ਵੱਲ ਭਜਿਆ। ਉੱਥੇ ਪਹੁੰਚਕੇ ਉਸਨੇ ਕੀ ਵੇਖਿਆ ਕਿ ਇਕ ਤੇਰਾਂ ਚੌਦਾਂ ਵਰ੍ਹਿਆਂ ਦਾ ਮੁੰਡਾ ਬਾਗ ਵਿੱਚ ਏਧਰ ਓਧਰ ਫਿਰ ਰਿਹਾ ਹੈ। ਵਣਜਾਰੇ ਨੂੰ ਘਬਰਾਇਆ ਹੋਇਆ ਵੇਖਕੇ ਪ੍ਰੇਮ ਸਿੰਘ ਨੇ ਪੁਛਿਆ, "ਕਿਓਂ ਜੀ, ਤੁਹਾਡਾ ਕੁਝ

ਗਵਾਚ ਗਿਆ ਹੈ ?"

ਵਣਜਾਰੇ ਨੇ ਉਤਰ ਦਿੱਤਾ "ਆਹੋ ਭਈ ! ਮੇਰੀ ਪੰਜ ਹਜ਼ਾਰ ਰੁਪੈ ਦੀ ਥੈਲੀ ਏਥੇ ਰੈਹ ਗਈ ਹੈ। ਤੁਸਾਂ ਵੇਖੀ ਤੇ ਨਹੀਂ ?" ਪ੍ਰੇਮ ਸਿੰਘ ਨੇ ਉਤ੍ਰ ਦਿੱਤਾ, "ਘਬਰਾਓ ਨਾਂ ਆਹ ਤੁਹਾਡੀ ਥੈਲੀ ਪਈ ਜੇ"।

ਇਕ ਲੜਕੇ ਦੀ ਇਹ ਇਮਾਨਦਾਰੀ ਵੇਖਕੇ ਵਣਜਾਰਾ ਹੈਰਾਨ ਰਹਿ ਗਿਆ। ਉਸਨੇ ਪ੍ਰੇਮਸਿੰਘ ਪਾਸੋਂ ਪੁਛਿਆ, "ਕੀ ਤੈਨੂੰ ਏਨੇ ਰੁਪੈ ਦਾ ਲਾਲਚ ਨਾ ਆਇਆ ?" ਪ੍ਰੇਮ ਸਿੰਘ ਨੇ ਉਤ੍ਰ ਦਿਤਾ, "ਨਹੀਂ ਪਰਾਈ ਚੀਜ਼ ਲਈ ਲਾਲਚ ਕਰਨਾ ਪਾਪ ਹੈ—ਚੋਰੀ ਹੈ।"

ਇਹ ਸੁਣਕੇ ਵਣਜਾਰਾ ਬਹੁਤ ਪ੍ਰਸੰਨ ਹੋਇਆ, ਉਹ ਪ੍ਰੇਮਸਿੰਘ ਨੂੰ ਇਨਾਮ ਵਿਚ ਕੁਝ ਰੁਪੈ ਦੇਨ ਲਗਾ, ਪਰ ਪ੍ਰੇਮਸਿੰਘ ਨੇ ਰੁਪੈ ਲੈਣੋਂ ਨਾਂਹ ਕਰ ਦਿਤੀ, ਉਸਨੇ—ਵਣਜਾਰੇ ਨੂੰ ਕਿਹਾ ਜੇ ਮੈਨੂੰ ਰੁਪਯਾਂ ਦੀ ਲੋੜ ਹੁੰਦੀ ਤਾਂ ਇਹ ਪੰਜ ਹਜਾਰ ਹੀ ਨ ਰੱਖ ਲੈਂਦਾ ! ਮੈਂ ਕੋਈ ਅਜਿਹਾ ਕੰਮ ਨਹੀਂ ਕੀਤਾ ਕਿ ਮੈਂ ਤੁਹਾਡੇ ਕੋਲੋਂ ਇਨਾਮ ਲਵਾਂ।"

******

ਇਕ ਸਕਾਊਟ ਦੀ ਬੀਰਤਾ

ਜਵਾਹਰਸਿੰਘ ਇਕ ਬ ਰ ਸਕਾਊਟ ਤੇ ਹੁਸ਼ਿਆਰ ਵਿਦਿਆਰਥੀ ਸੀ। ਉਹ ਇਕ ਦਿਨ ਆਪਣੇ ਕਮਰੇ ਵਿਚ ਬੈਠਾ ਕੁਝ ਪੜ੍ਹ ਰਿਹਾ ਸੀ। ਕਮਰੇ ਦੇ ਕੋਲ ਹੀ ਇਕ ਖੂਹ ਸੀ ਜਵਾਹਰ ਸਿੰਘ ਦਾ ਮਨ ਉਟਕ ਗਿਆ। ਖੂਹ ਵਿਚ ਕਿਸੇ ਦੇ ਡਿੱਗਣ ਦੀ ਅਵਾਜ਼ ਆਈ, ਜਵਾਹਰਸਿੰਘ ਝੱਟ ਕਤਾਬ ਹਥੋਂ ਸੁੱਟਕੇ ਖੂਹ ਵੱਲ ਨੱਠਿਆ।

ਜਵਾਹਰ ਸਿੰਘ ਨੇ ਖੂਹ ਵਿਚ ਝਾਤੀ ਮਾਰੀ ਤਾਂ ਕੀ ਵੇਖਦਾ ਹੈ ਕਿ ਇੱਕ ਨਿੱਕੀ ਜਹੀ ਕੁੜੀ ਖੂਹ ਵਿਚ ਡਿੱਗੀ ਪਈ ਹੈ। ਜਵਾਹਰਸਿੰਘ ਨੇ ਚੁਫੇਰੇ ਨਜ਼ਰ ਮਾਰੀ ਪਰ ਕੋਈ ਆਦਮੀ ਨ ਦਿਸਿਆ। ਉਸਨੇ ਸੋਚਿਆ, ਭਈ ਜੇ ਮੈਂ ਕਿਸੇ ਨੂੰ ਸੱਦਣ ਜਾਂਦਾ ਹਾਂ ਤਾਂ ਆਉਂਦਿਆਂ ਨੂੰ ਇਹ ਕੁੜੀ ਮਰ ਜਾਵੇਗੀ ਜਿਸ ਤਰਾਂ ਵੀ ਹੋਵੇ ਏਸ ਦੀ ਜਾਨ ਬਚਾਉਣੀ ਚਾਹੀਦੀ ਹੈ—ਕੁਝ ਪਰਵਾਹ ਨਹੀਂ, ਭਾਵੇਂ ਏਸ ਨੇਕ ਕੰਮ ਵਿਚ ਮੇਰੀ ਜਾਨ ਵੀ ਚਲੀ ਜਾਵੇ।

ਜਵਾਹਰ ਸਿੰਘ ਨੇ ਇਹ ਵਿਚਾਰ ਪੱਕੀ ਕਰਕੇ ਕੋਲ ਪਈ ਰੱਸੀ ਦਾ ਇਕ ਫੰਦਾ ਬਨਾਕੇ ਖੂਹ ਵਿਚ ਸੁੱਟ ਦਿੱਤੀ।

ਪਰ ਉਹ ਕੁੜੀ ਏਨਾਂ ਘਬਰਾ ਗਈ ਸੀ ਕਿ ਉਹ ਫੰਦੇ ਨੂੰ ਨਾ ਫੜ ਸਕੀ। ਤਦ ਜਵਾਹਰਸਿੰਘ ਨੇ ਰੱਸੀ ਬਾਹਰ ਕੱਢ ਲਈ। ਇੱਕ ਵਾਰ ਉਸ ਨੇ ਫੇਰ ਚੁਫੇਰੇ ਵੇਖਿਆ ਪਰ ਖੂਹ ਵੱਲ ਕੋਈ ਆਉਂਦਾ ਨਾ ਦਿਸਿਆ।

ਜਵਾਹਰਸਿੰਘ ਨੇ ਬੜੀ ਸਿਆਣਪ ਤੋਂ ਕੰਮ ਲਿਆ। ਉਸਨੇ ਝਟ ਪਟ ਰੱਸੀ ਖੂਹ ਦੇ ਚੌਖਟੇ ਨਾਲ ਬੱਨ੍ਹ ਦਿਤੀ। ਤੇ ਉਸਦਾ ਦੂਜਾ ਸਿਰਾ ਆਪਣੇ ਲੱਕ ਨਾਲ ਬੱਨ੍ਹ ਲਿਆ। ਫੇਰ ਉਸ ਨੇ ਖੂਹ ਵਿਚ ਛਾਲ ਮਾਰ ਦਿਤੀ। ਉਸਨੇ ਝਟ ਇਕ ਹੱਥ ਨਾਲ ਕੁੜੀਨੂੰ ਚੁਕਲਿਆ ਤੇ ਤਰਦਿਆਂ ਹੋਇਆਂ ਕੁੜੀ ਦੇ ਲੱਕ ਨਾਲ ਰੱਸੀ ਦਾ ਸਿਰਾ ਬੱਨ੍ਹ ਦਿਤਾ। ਆਪ ਉਸੇ ਰੱਸੀ ਦੇ ਸਹਾਰੇ ਬਾਹਰਨਿਕਲ ਆਇਆ।

ਜਵਾਹਾਰਸਿੰਘ ਦੀ ਛਾਲ ਦਾ ਧਮਾਕਾ ਸੁਣਕੇ ਹੁਣ ਤਕ ਕਈ ਆਦਮੀਂ ਖੂਹ ਤੇ ਆ ਚੁਕੇ ਸਨ। ਉਸਨੇ ਉਨ੍ਹਾਂ ਦੀ ਸਹਾਇਤਾ ਨਾਲ ਕੁੜੀ ਨੂੰ ਖੂਹ ਤੋਂ ਬਾਹਰ ਕੱਢਿਆ। ਥੋੜੇ ਹੀ ਚਿਰ ਪਿਛੋਂ ਕੁੜੀ ਹੋਸ਼ ਵਿਚ ਆਗਈ। ਸਾਰੇ ਲੋਕੀ ਜਵਾਹਰਸਿੰਘ ਦੀ ਸਿਆਣਪ ਤੇ ਵੀਰਤਾ ਦੀ ਉਸਤਤੀ ਕਰਨ ਲੱਗੇ।

ਦੂਜੇ ਦਿਨ ਜਵਾਹਰਸਿੰਘ ਪਾਠਸ਼ਾਲਾ ਗਿਆ—ਉਸ ਦਿਨ

ਪ੍ਰੀਖਿਆ ਸੀ, ਪਰ ਜਵਾਹਰ ਸਿੰਘ ਪ੍ਰਸ਼ਨਾਂ ਦੇ ਉਤ੍ਰ ਨਾ ਲਿਖ ਸਕਿਆ, ਕਿਉਂ ਕਿ ਖੂਹ ਵਿਚ ਛਾਲ ਮਾਰਨ ਨਾਲ ਉਸਦੇ ਹੱਥ ਨੂੰ ਸੱਟ ਲਗ ਚੁੱਕੀ ਸੀ। ਉਸਤਾਦ ਨੇ ਉਸ ਕੋਲੋਂ ਪੁਛਿਆ,-ਕਿਓਂ ਚੁਪ ਚਪੀਤਾ ਬੈਠਾ ਏਂ ? ਹੋਰ ਏਡ ਜਾਕੇ, ਪਾਠ ਹੀ ਕੰਠ ਨਾ ਕਰੋਗੇ ਤਾਂ ਪਾਸ ਕਿਵੇਂ ਹੋਵੇਗਾ ! ਤਦ ਜਵਾਹਰ ਸਿੰਘ ਨੇ ਸਾਰਾ ਹਾਲ ਸੁਣਾ ਦਿਤਾ। ਫੇਰ ਕੀ ਸੀ, ਜਵਾਹਰ ਸਿੰਘ ਦੀ ਸਾਰੀ ਪਾਠਸ਼ਾਲਾ ਵਿਚ ਉਪਮਾਂ ਹੋਣ ਲੱਗੀ। ਸਕਾਊਟ ਮਾਸਟ੍ਰ ਥਾਪਣਾਂ ਦੇਕੇ ਕੈਹਣ ਲੱਗਾ,-ਸ਼ਾਬਾਸ਼ੇ ਬਹਾਦਰ ! ਤੂੰ ਸਦਾ ਸਕਾਊਟ ਏਂ, ਤੇਰੇ ਵਾਂਗ ਹੀ ਸਾਰਿਆਂ ਨੂੰ ਚੰਗੇ ਕੰਮ ਕਰਨੇ ਚਾਹੀਦੇ ਹਨ। ਜਵਾਹਰ ਸਿੰਘ ਦੀ ਬੀਰਤਾ ਦੀ ਖਬਰ ਸਕਾਊਟਾਂ ਦੇ ਵਡੇ ਅਫਸਰ ਨੂੰ ਦਿਤੀ ਗਈ। ਸਕਾਊਟਾਂ ਦੇ ਸਾਲਾਨਾ ਇਕੱਠ ਵਿਚ ਵਡੇ ਸਾਹਿਬ ਨੇ ਆਪਣੀ ਹੱਥੀਂ ਜਵਾਹਰ ਸਿੰਘ ਦੀ ਛਾਤੀ ਤੇ 'ਸਿਲਵਰ ਕਰਾਸ' ਨਾਉਂ ਦਾ ਤਕਮਾਂ ਲਟਕਾ ਦਿੱਤਾ। ਜੇੜ੍ਹਾ ਅੱਜ ਤਕ ਕਿਸੇ ਭਾਰਤ ਵਾਸੀ ਨੂੰ ਨਹੀਂ ਸੀ ਮਿਲਿਆ।

******

ਅੰਤ ਭਲੇ ਦਾ ਭਲਾ

ਇਕ ਦਿਨ ਦੀ ਗੱਲ ਹੈ ਕਿ ਇਕ ਬਾਦਸ਼ਾਹ ਆਪਣੇ ਅਮੀਰਾਂ ਵਜ਼ੀਰਾਂ ਨਾਲ ਆਪਣੀ ਰਾਜਧਾਨੀ ਵਿਚ ਫਿਰ ਰਿਹਾ ਸੀ। ਸ਼ਹਿਰੋਂ ਬਾਹਰ ਉਸਨੇ ਇਕ ਬੁੱਢਾ ਵੇਖਿਆ, ਜੇੜ੍ਹਾ ਅੰਬਾਂ ਦੇ ਬੂਟੇ ਲਾ ਰਿਹਾ ਸੀ। ਉਸਨੂੰ ਵੇਖਕੇ ਰਾਜੇ ਨੇ ਆਪਣੇ ਸਾਥੀਆਂ ਨੂੰ ਕਿਹਾ, "ਵੇਖੋ ਨ ਇਹ ਬੁੱਢਾ ਕਿੰਨਾ ਪਾਗਲ ਹੈ। ਇਹ ਇਸ ਤਰਾਂ ਕੰਮ ਕਰ ਰਿਹਾ ਹੈ ਜਾਣੀਦਾ ਅਜੇ ਜਵਾਨ ਹੈ ਤੇ ਏਸ ਬੂਟੇ ਦੇ ਫਲ ਜਿਵੇਂ ਅੱਜ ਹੀ ਏਸਨੂੰ ਖਾਣ ਨੂੰ ਮਿਲ ਜਾਣਗੇ!" ਬੁੱਢੇ ਦਾ ਇਹ ਕੰਮ ਵੇਖਕੇ ਰਾਜੇ ਦੇ ਸਾਰੇ ਸਾਥੀ ਹੱਸ ਪਏ।

ਤਦ ਰਾਜਾ ਸਾਹਿਬ ਬੁੱਢੇ ਕੋਲ ਗਏ ਤੇ ਆਖਣ ਲਗੇ, "ਕਿਓਂ ਬਾਬਾ! ਤੇਰੀ ਉਮਰ ਕਿੰਨੀ ਹੈ?" ਬੁੱਢੇ ਨੇ ਉਤ੍ਰ ਦਿੱਤਾ 'ਕੋਈ ਅੱਸੀਆਂ ਕੁ ਵਰ੍ਹਿਆਂ ਦੀ ਹੋਵੇਗੀ'।

ਰਾਜਾ ਸਾਹਿਬ ਨੇ ਫੇਰ ਕਿਹਾ 'ਬੁੱਢਿਆ! ਹੋਰ ਤੂੰ ਕਿੰਨਾ ਕੁ ਚਿਰ ਜੀਵੇਂਗਾ! ਏਡੀ ਵਡੀ ਉਮਰ ਵਿਚ ਇਕ ਅਜਿਹਾ ਬੂਟਾ ਲਾ ਰਿਹਾ ਹੈਂ ਜਿਸਦੇ ਫਲਣ ਤੋਂ ਪੇਹਲਾਂ ਹੀ ਤੂੰ ਚਾਲੇ ਪਾ ਜਾਵੇਂਗਾ। ਮੇਰੇ ਖਿਆਲ ਵਿਚ ਤਾਂ ਤੂੰ

ਐਵੇਂ ਦੁੱਖ ਸੈਹ ਰਿਹਾ ਹੈਂ।

ਬੁਢੇ ਕਿਹਾ, "ਸਰਕਾਰ! ਜੋ ਤੁਸਾਂ ਆਖਿਆ। ਹੈ ਠੀਕ ਹੈ, ਪਰ ਮੈਨੂੰ ਏਸ ਗੱਲ ਦਾ ਕੋਈ ਖਿਆਲ ਨਹੀਂ ਕਿ ਮੈਂ ਏਸਦੇ ਮਿੱਠੇ ੨ ਫਲ ਖਾਵਾਂ। ਮੈਨੂੰ ਤੇ ਬੂਟਾ ਲਾਉਣ ਵਿਚ ਹੀ ਖੁਸ਼ੀ ਹੈ ਤੇ ਇਹ ਹੈ ਵੀ ਠੀਕ। ਜਿਵੇਂ ਸਾਡੇ ਵਡਿਆਂ ਨੇ ਕੀਤਾ ਹੈ, ਉਸੇ ਤਰਾਂ ਮੈਂ ਵੀ ਕਰ ਰਿਹਾ ਹਾਂ। ਉਹਨਾਂ ਜੇੜ੍ਹੇ ਬੂਟੇ ਲਾਏ ਸਨ, ਉਨ੍ਹਾਂ ਦੇ ਫਲ ਅਸੀਂ ਖਾ ਰਹੇ ਹਾਂ। ਅਸੀਂ ਆਪਣੇਂ ਬੱਚਿਆਂ ਨੂੰ ਕਿਓਂ ਵਾਂਜੇ ਰੱਖੀਏ। ਜਦ ਕਿ ਸਾਡੇ ਪਿਓ ਦਾਦੇ ਨੇ ਸਾਨੂੰ ਵਾਂਜੇ ਨਹੀਂ ਰੱਖਿਆ ਇਹ ਸੱਚ ਹੈ ਕਿ ਮੈਂ ਏਹਦੇ ਫਲ ਨਹੀਂ ਖਾ ਸਕਾਂਗਾ ਪਰ ਮੈਨੂੰ ਇਹ ਤੇ ਆਸ ਹੈ ਨ ਭਈ ਮੇਰੇ ਬੱਚੇ ਬੱਚੀਆਂ ਏਸਦੇ ਫਲ ਖਾਕੇ ਖੁਸ਼ ਹੋਣਗੇ।"

ਬੁਢੇ ਦਾ ਇਹ ਉਤ੍ਰ ਸੁਣਕੇ ਰਾਜਾ ਬੜਾ ਖੁਸ਼ ਹੋਇਆ ਤੇ ਮੋਹਰਾਂ ਦੀ ਇਕ ਥੈਲੀ ਇਨਾਮ ਦਿਤੀ। ਮੋਹਰਾਂ ਲੈਕੇ ਬੁਢਾ ਬੜਾ ਖੁਸ਼ ਹੋਇਆ ਤੇ ਆਖਣ ਲੱਗਾ, "ਇਹ ਕੌਣ ਕੈਹ ਸਕਦਾ ਹੈ ਕਿ ਮੈਂ ਅੱਜ ਵੇਹਲੇ ਹੱਥ ਪੈਰ ਹਲਾਏ ਹਨ। ਮੈਨੂੰ ਏਸ ਨਿਕੇ ਜੇਹੇ ਬੂਟੇ ਨੇ ਪਹਿਲੇ ਦਿਨ ਹੀ ਫਲ ਦੇ ਦਿਤਾ ਹੈ!"

ਸੱਚ ਹੈ-"ਅੰਤ ਭਲੇ ਦਾ ਭਲਾ' ਦੂਜੇ ਦੇ ਭਲੇ ਵਾਸਤੇ ਜੇੜ੍ਹਾ ਕੰਮ ਕੀਤਾ ਜਾਂਦਾ ਹੈ ਉਸਦਾ ਫਲ ਸਦਾ ਚੰਗਾ ਮਿਲਦਾ ਹੈ।

ਗੁਰੂ ਦੀ ਸੇਵਾ

ਚਿਰਾਂ ਦੀ ਗੱਲ ਹੈ ਕਿ ਭਾਰਤ ਤੇ ਇਕ ਰਾਜਾ ਰਾਜ ਕਰਦਾ ਸੀ। ਉਹ ਬੜਾ ਦਿਆਲੂ ਤੇ ਵਿਦਵਾਨ ਸੀ। ਬੜੇ ਬੜੇ ਵਿਦਵਾਨ ਉਸਦੇ ਦਰਬਾਰ ਵਿਚ ਹਰ ਵੇਲੇ ਰਹਿੰਦੇ ਸਨ। ਉਸਦੇ ਦੋ ਪੁਤ੍ਰ ਸਨ। ਜਦ ਉਹ ਪੜ੍ਹਨ ਲਿਖਣ ਯੋਗ ਹੋ ਗਏ, ਤਦ ਰਾਜੇ ਨੇ ਉਨ੍ਹਾਂ ਨੂੰ ਇਕ ਵਿਦਵਾਨ ਦੇ ਹਵਾਲੇ ਕਰ ਦਿਤਾ।

ਉਹ ਵਿਦਵਾਨ ਦੋਹਾਂ ਹੀ ਸ਼ਾਹਜ਼ਾਦਿਆਂ ਨੂੰ ਬੜੇ ਪ੍ਰੇਮ ਨਾਲ ਪੜ੍ਹਾਉਂਦੇ ਸੀ। ਸ਼ਾਹਜ਼ਾਦੇ ਵੀ ਆਪਣੇ ਗੁਰੂ ਨਾਲ ਬਹੁਤ ਹਿਤ ਕਰਦੇ ਸਨ ਤੇ ਹਰ ਵੇਲੇ ਉਨ੍ਹਾਂ ਦੀ ਸੇਵਾ ਲਈ ਹਾਜ਼ਰ ਰਹਿੰਦੇ ਸਨ। ਇਕ ਦਿਨ ਦੀ ਗੱਲ ਹੈ ਕਿ

ਗੁਰੂ ਜੀ ਮੁੰਡਿਆਂ ਨੂੰ ਪੜ੍ਹਾਉਂਦੇ ੨ ਕਿਤੇ ਜਾਣ ਲੱਗੇ। ਇਹ ਵੇਖਦਿਆਂ ਹੀ ਦੋਵੇਂ ਸ਼ਾਹਜਾਦੇ ਗੁਰ ਦਾ ਜੋੜਾ ਉਹਨਾਂ ਦੇ ਅੱਗੇ ਰੱਖਣ ਨੂੰ ਨਠੇ। ਦੋਵੇਂ ਭਰਾ ਇਕੱਠੇ ਜੋੜੇ ਕੋਲ ਪੁਜੇ। ਹਰ ਇਕ ਦੀ ਇਹੋ ਇੱਛਾ ਹੋਈ ਕਿ ਮੈਂ ਹੀ ਜੋੜੇ ਅੱਗੇ ਰਖਾਂ। ਗੁਰੂ ਜੀ ਨੇ ਉਨ੍ਹਾਂ ਨੂੰ ਹਟਕਿਆ ਵੀ, ਪਰ ਉਹ ਕਿਥੇ ਮੰਨਦੇ ਸਨ! ਅੰਤ ਵਿਚ ਦੋਵੇਂ ਭਰਾ ਝਗੜਨ ਲੱਗੇ। ਤਦ ਰੁਰੂ ਜੀ ਨੇ ਉਨ੍ਹਾਂ ਨੂੰ ਕਿਹਾ, "ਚੰਗਾ ਭਈ ਲੜੋ ਨਾ ਦੋਵੇਂ ਭਰਾ ਇਕ ਇਕ ਛਿਤਰ ਚੁੱਕ ਲਿਆਓ।" ਉਨ੍ਹਾਂ ਨੇ ਏਸੇ ਤਰਾਂ ਕੀਤਾ।

ਏਧਰ ਕਿਸੇ ਚੁਗਲ ਨੇ ਰਾਜੇ ਕੋਲ ਚੁਗਲੀ ਖਾਧੀ ਕਿ ਸ਼ਾਹਜ਼ਾਦਿਆਂ ਦਾ ਗੁਰੂ ਉਨ੍ਹਾਂ ਪਾਸੋਂ ਜੁਤੀਆਂ ਚੁਕ-ਵਾਉਂਦਾ ਹੈ। ਰਾਜੇ ਨੇ ਆਖਿਆ ਤਾਂ ਕੁਝ ਨਾ, ਪਰ ਗੁਰੂ ਨੂੰ ਬੁਲਾਇਆ। ਇਹ ਵੇਖਕੇ ਉਹ ਬਹੁਤ ਘਬਰਾਇਆ, ਡਰਦੇ ਮਾਰੇ ਉਸਦਾ ਰੰਗ ਉਡ ਗਿਆ। ਕੰਬਦੇ ੨ ਰਾਜੇ ਦੇ ਸਾਮ੍ਹਣੇ ਆਏ। ਰਾਜੇ ਨੇ ਪੁਛਿਆ, "ਸੁਣਾਓ ਗੁਰੂ ਜੀ! ਅੱਜ ਦੁਨੀਆਂ ਵਿਚ ਸਭ ਤੋਂ ਵਡਾ ਆਦਮੀਂ ਕੌਣ ਹੈ?" ਗੁਰੂ ਨੇ ਹਥ ਜੋੜਕੇ ਉਤ੍ਰ ਦਿਤਾ, "ਤੁਹਾਥੋਂ ਬਿਨਾਂ ਹੋਰ ਵਡਾ ਆਦਮੀਂ ਕੌਣ ਹੋ ਸਕਦਾ ਹੈ?" ਰਾਜੇ ਨੇ ਹੱਸਕੇ ਕਿਹਾ,

"ਤੇ ਤੁਸੀਂ ਕਿਉਂ ਨਹੀਂ? ਤੁਹਾਡੀਆਂ ਜੁੱਤੀਆਂ ਤਾਂ ਰਾਜਿਆਂ ਦੇ ਪੁਤਾਂ ਤਕ ਚੁਕਦੇ ਨੇ।"

ਗੁਰੂ ਜੀ ਇਹ ਸੁਣਕੇ ਸੁੰਨ ਹੋਗਏ, ਸੋਚਣ ਲਗੇ, ਬੱਸ ਹੁਣ ਖੈਰ ਨਹੀਂ, ਹੱਥ ਜੋੜਕੇ ਬੇਨਤੀ ਕਰਨ ਲਗੇ, "ਜੀਵੇ ਬਾਦਸ਼ਾਹ, ਮੈਥੋਂ ਕਸੂਰ ਹੋ ਗਿਆ ਹੈ, ਖਿਮਾਂ ਕਰ ਦਿਓ, ਮੈਂ ਬਚਿਆਂ ਨੂੰ ਹਟਕਿਆ ਤਾਂ ਸੀ, ਪਰ ਉਹ ਮੰਨੇ ਨਾ, ਆਪਸ ਵਿਚ ਹੀ ਲੜਨ ਲਗੇ। ਫੇਰ ਮੈਂ ਤੁਹਾਥੋਂ ਡਰਦਿਆਂ ਉਨ੍ਹਾਂ ਨੂੰ ਕੁਝ ਨਾ ਕਿਹਾ।"

ਗੁਰੂ ਜੀ ਦੀ ਇਹ ਗੱਲ ਸੁਣਕੇ ਰਾਜਾ ਸਾਹਿਬ ਹੱਸ ਪਏ ਤੇ ਕਹਣ ਲਗ, "ਗੁਰੂ ਜੀ! ਤੁਸੀਂ ਡਰਦੇ ਕਿਓਂ ਹੋ? ਮੈਂ ਜਾਣਦਾ ਹਾਂ ਜੋ ਤੁਸਾਂ ਕੀਤਾ ਹੈ ਬਹੁਤ ਚੰਗਾ ਕੀਤਾ ਹੈ। ਜੇ ਤੁਸੀਂ ਇੰਜ ਨਾ ਕਰਦੇ ਤਾਂ ਸ਼ੈਦ ਮੈਂ ਨਰਾਜ ਹੁੰਦਾ। ਮੈਨੂੰ ਤਾਂ ਏਸ ਗੱਲ ਦੀ ਖੁਸ਼ੀ ਹੈ ਕਿ ਮੇਰੇ ਲੜਕੇ ਆਪਣੇਂ ਗੁਰੂ ਨਾਲ ਹਿਤ ਰਖਦੇ ਹਨ ਤੇ ਉਨ੍ਹਾਂ ਦੀ ਸੇਵਾ ਕਰਦੇ ਹਨ। ਜੇੜ੍ਹਾ ਮੁੰਡਾ ਆਪਣੇਂ ਗੁਰੂ ਤੇ ਮਾਂ ਪਿਓ ਦੀ ਸੇਵਾ ਕਰਦਾ ਹੈ ਪਰਮਾਤਮਾਂ ਉਸ ਤੇ ਖੁਸ਼ ਹੁੰਦਾ ਹੈ। ਉਹ ਦੁਨੀਆਂ ਵਿਚ ਸਦਾ ਸੁਖੀ ਰਹਿੰਦਾ ਹੈ।

ਇਸਦੇ ਪਿਛੋਂ ਰਾਜਾ ਸਾਹਿਬ ਨੇ ਗੁਰੂ ਦੀ ਸੇਵਾ ਦੇ

ਬਦਲੇ ਆਪਣੇਂ ਪੁਤਰਾਂ ਨੂੰ ਸ਼ਾਵਾਸ਼ੇ ਦਿਤੀ ਤੇ ਗੁਰੂ ਜੀ ਨੂੰ ਵੀ ਬਹੁਤ ਸਾਰਾ ਇਨਾਮ ਦਿੱਤਾ। ਇਹ ਵੇਖਕੇ ਚੁਗਲੀ ਵੱਟਣ ਵਾਲਾ ਬੜਾ ਪਛਤਾਇਆ ਤੇ ਸ਼ਰਮਿੰਦਾ ਹੋਇਆ।

ਬੇਈਮਾਨੀ ਦਾ ਫਲ

ਇਕ ਪਿੰਡ ਵਿਚ ਇਕ ਜੱਟ ਰਹਿੰਦਾ ਸੀ। ਉਸਨੇ ਆਪਣੀਆਂ ਪੈਲੀਆਂ ਵਿਚ ਕਈ ਪ੍ਰਕਾਰ ਦੀਆਂ ਸਬਜ਼ੀਆਂ ਬੀਜੀਆਂ ਹੋਈਆਂ ਸਨ। ਜੱਟ ਦੇ ਗਵਾਂਢ ਇਕ ਘੁਮਿਆਰ ਰਹਿੰਦਾ ਸੀ। ਉਹ ਸਾਰਾ ਦਿਨ ਮਿਟੀ ਦੇ ਭਾਂਡੇ ਬਣਾਇਆ ਕਰਦਾ ਸੀ। ਜਟ ਤੇ ਘੁਮਿਆਰ ਵਿਚ ਬੜੀ ਮਿਤ੍ਰਤਾ ਸੀ। ਇਕ ਦਿਨ ਜਟ ਨੇ ਆਪਣੇ ਮਿਤ੍ਰ ਘੁਮਿਆਰ ਨੂੰ ਆਖਿਆ "ਸੁਣਿਆ ਹੈ ਕਲ ਸ਼ਹਿਰ ਵਿਚ ਮੇਲਾ ਹੈ। ਆਓ ਅਸੀਂ ਵੀ ਚਲੀਏ। ਮੈਂ ਤਰਕਾਰੀ ਲੈ ਚਲਾਂਗਾ ਤੂੰ ਭਾਂਡੇ ਲੈ ਚਲੀਂ ਮੇਲੇ ਵਿਚ ਚੰਗੇ ਪੈਸੇ ਵਟੇ ਜਾਣਗੇ।"

ਘੁਮਿਆਰ ਨੇ ਆਖਿਆ, "ਹਾਂ ਭਈ ਗੱਲ ਤੇ ਚੰਗੀ ਹੈ ਅੱਜ ਕਲ ਅਸੀਂ ਖਰਚ ਤੋਂ ਵੀ ਤੰਗ ਹਾਂ।"

ਦੂਜੇ ਦਿਨ ਦੋਵੇਂ ਮਿਤ੍ਰ ਕੁਝ ਰਾਤ ਰਹਿੰਦੀ ਉਠੇ। ਪਿੰਡ ਵਿਚੋਂ ਇਕ ਊਠ ਕਰਾਏ ਲੀਤਾ। ਉਸਦੇ ਇਕ ਪਾਸੇ ਤਰਕਾਰੀ ਤੇ ਦੂਜੇ ਪਾਸੇ ਭਾਂਡੇ ਲਦ ਦਿਤੇ। ਦੋਵੇਂ ਮਿਤ੍ਰ ਸ਼ਹਿਰ ਨੂੰ ਤੁਰ ਪਏ। ਜਟ ਵਿਚਾਰਾ ਬੜਾ ਸਿੱਧਾ ਸਾਧਾ ਤੇ ਨੇਕ ਆਦਮੀਂ ਸੀ। ਉਸਨੇ ਕੁਝ ਦੂਰ ਜਾਕੇ ਆਪਣੇਂ ਮਿਤ੍ਰ ਘੁਮਿਆਰ ਨੂੰ ਕਿਹਾ, "ਭਈ! ਤੂੰ ਮਾੜਾ ਹੈਂ, ਊਠ ਤੇ ਚੜ੍ਹ ਬੈਠ ਮੈਂ ਨਕੇਲ ਫੜਕੇ ਚਲਾਂਗਾ" ਘੁਮਿਆਰ ਨੇ ਇਹ ਗੱਲ ਮੰਨ ਲਈ ਤੇ ਊਠ ਤੇ ਚੜ੍ਹ ਬੈਠਾ। ਘੁਮਿਆਰ ਬੜਾ ਬੇਈਮਾਨ ਸੀ। ਉਸਨੇ ਜਟ ਦੀਆਂ ਤਰਕਾਰੀਆਂ ਹੌਲੀ ਹੌਲੀ ਊਠ ਨੂੰ ਖਵਾਉਣੀਆਂ ਤੇ ਸੜਕ ਤੇ ਸੁਟਣੀਆਂ ਅਰੰਭ ਕਰ ਦਿਤੀਆਂ। ਉਹ ਦਿਲ ਵਿਚ ਆਖਦਾ ਸੀ, "ਸ਼ਹਿਰ ਚਲਕੇ ਮੈਂ ਤੇ ਆਪਣੇਂ ਭਾਂਡੇ ਵੇਚਾਂਗਾ ਪਰ ਜੱਟ ਦੁਹੱਥੜਾਂ ਮਾਰਕੇ ਪਿਟੇਗਾ, ਬੜਾ ਸਵਾਦ ਆਏਗਾ, "ਗਰੀਬ ਜੱਟ ਦਾ ਨੁਕਸਾਨ ਕਰਕੇ ਉਹ ਬੜਾ ਪ੍ਰਸੰਨ ਹੋ ਰਿਹਾ ਸੀ। ਤਰ-ਕਾਰੀ ਦਾ ਭਾਰ ਘਟ ਜਾਣ ਕਰਕੇ ਭਾਂਡੇ ਹੇਠਾਂ ਲਟਕਦੇ ਜਾਂਦੇ ਸਨ, ਪਰ ਘੁਮਿਆਰ ਨੇ ਖੁਸ਼ੀ ਵਿਚ ਕੋਈ ਖਿਆਲ ਨਾ ਕੀਤਾ। ਜਦ ਤਰਕਾਰੀ ਬਹੁਤ ਘਟ ਗਈ ਤਾਂ ਘੁਮਿਆਰ ਦੇ ਭਾਂਡੇ ਧੜੰਮ ਕਰਕੇ ਹੇਠਾਂ ਆ ਪਏ। ਭਾਂਡਿਆਂ ਦੇ ਨਾਲ

ਹੀ ਆਪ ਵੀ ਡਿਗ ਪਿਆ, ਜਟ ਦਾ ਕੁਝ ਵੀ ਨੁਕਸਾਨ ਨਾ ਹੋਇਆ। ਉਸ ਦਿਨ ਸ਼ਹਿਰ ਵਿਚ ਬਹੁਤ ਘੱਟ ਤਰਕਾਰੀ ਆਈ ਸੀ। ਜਟ ਦੀ ਤਰਕਾਰੀ ਮਹਿੰਗੀ ਵਿਕੀ ਤੇ ਉਹ ਚੰਗਾ ਨਫਾ ਖੱਟ ਕੇ ਘਰ ਨੂੰ ਮੁੜਿਆ। ਬੇਈਮਾਨ ਘੁਮਿਆਰ ਨੂੰ ਇਕ ਪੈਸਾ ਵੀ ਨਾ ਮਿਲਿਆ ਤੇ ਜੱਟ ਵਾਧੇ ਦੀ ਖਾਕੇ ਹਾਏ ! ਹਾਏ !! ਕਰਦਾ ਘਰ ਨੂੰ ਪਰਤਿਆ।

ਵੇਖਿਆ ਜੇ ! ਬੇਈਮਾਨੀ ਦਾ ਫਲ ਕਿੰਨਾ ਬੁਰਾ ਨਿਕਲਿਆ ਹੈ। ਕਦੀ ਆਪਣੇਂ ਸਾਥੀ ਨਾਲ ਬੇਈਮਾਨੀ ਨਹੀਂ ਕਰਨੀ ਚਾਹੀਦੀ ਕਿਉਂਕਿ ਇਸਦਾ ਸਿੱਟਾ ਬਹੁਤ ਬੁਰਾ ਨਿਕਲਦਾ ਹੈ। ਕਦੀਂ ਆਪਣੇ ਮਿਤ੍ਰ ਨੂੰ ਧੋਖਾ ਦੇਣ ਦੀ ਕੋਸ਼ਿਸ਼ ਨਾ ਕਰੋ।

ਸੱਚੀ ਇੱਜ਼ਤ

ਮੋਹਣ ਤੇ ਸੋਹਣ ਇਕੋ ਸਕੂਲ ਵਿੱਚ ਇਕੱਠੇ ਪੜ੍ਹਦੇ ਸਨ। ਮੋਹਣ ਅਮੀਰਾਂ ਦਾ ਪੁਤ੍ਰ ਸੀ ਤੇ ਸੋਹਣ ਦੇ ਮਾਪੇ ਵਿਚਾਰੇ ਬਹੁਤ ਗ਼ਰੀਬ ਸਨ।

ਮੋਹਣ ਨਿੱਤ ਨਵੇਂ ਤੇ ਰੇਸ਼ਮੀ ਕਪੜੇ ਪਾਕੇ ਸਕੂਲ ਜਾਂਦਾ। ਜਦ ਸਕੂਲੋਂ ਛੁੱਟੀ ਹੁੰਦੀ ਤਾਂ ਭੀਂ ਭੀਂ ਕਰਦੀ ਮੋਟਰ ਉਸਨੂੰ ਲੈਣ ਵਾਸਤੇ ਆ ਜਾਂਦੀ। ਉਹ ਆਪਣੇਂ ਅਮੀਰ ਹੋਣ ਤੇ ਬੜਾ ਘਮੰਡ ਕਰਦਾ ਸੀ। ਗ਼ਰੀਬ ਮੁੰਡਿਆਂ ਵਲ ਵੇਖ ਵੇਖਕੇ ਘਿਰਣਾ ਕਰਿਆ ਕਰਦਾ ਸੀ।

ਸੋਹਣ ਵਿਚਾਰਾ ਰੁਖੀ ਮਿੱਸੀ ਖਾਕੇ ਸਕੂਲ ਆ ਜਾਂਦਾ। ਪੜ੍ਹਨ ਲਿਖਣ ਵਿਚ ਹਰ ਵੇਲੇ ਲਗਾ ਰਹਿੰਦਾ। ਉਹਦੇ ਮਾਪੇ ਫੀਸ ਤੱਕ ਨਹੀਂ ਸਨ ਦੇ ਸਕਦੇ ਪਰ ਉਹ ਭੁੱਖਾ ਰੈਹਕੇ ਵੀ ਫੀਸ ਤਾਰਦਾ ਤੇ ਰੱਬ ਦਾ ਸ਼ੁਕਰ ਕਰਦਾ।

ਸਕੂਲ ਦੀ ਪ੍ਰੀਖਿਆ ਨੇੜੇ ਆ ਗਈ। ਮੁੰਡੇ ਰਾਤ ਦਿਨ ਮੇਹਨਤ ਕਰਨ ਲੱਗੇ। ਸੋਹਣ ਵਿਚਾਰਾ ਘਰ ਤੇਲ ਨਾ ਹੋਣ ਕਰਕੇ ਰਾਤ ਪੜ੍ਹ ਨਹੀਂ ਸੀ ਸਕਦਾ। ਸੋਚੀਂ ਪੈ ਗਿਆ। ਅੰਤ ਉਸਨੂੰ ਇਹ ਸੁਝੀ ਪਈ ਰਾਤ ਵੇਲੇ ਪੜ੍ਹਨ ਲਈ ਉਹ

ਕੰਪਨੀ ਬਾਗ ਚਲਾ ਜਾਇਆ ਕਰੇਗਾ, ਉਹ ਏਸੇ ਤਰਾਂ ਕਰਨ ਲੱਗਾ।

ਇਕ ਦਿਨ ਦੀ ਗੱਲ ਹੈ ਕਿ ਮੋਹਣ ਸੈਰ ਕਰਦਾ ਹੋਇਆ ਆਪਣੀ ਮੋਟਰ ਤੇ ਲੰਘਿਆ ਸੋਹਣ ਨੂੰ ਇਕ ਬਿਜਲੀ ਦੇ ਥੰਮੇ ਕੋਲ ਖਲੋਕੇ ਪੜ੍ਹਦੇ ਨੂੰ ਵੇਖ ਕੇ ਆਖਣ ਲੱਗਾ, "ਸੋਹਣ ਕੀ ਪਿਆ ਕਰਦਾ ਹੈਂ? ਵੇਖ ਅਸੀਂ ਮੋਟਰ ਵਿਚ ਸੈਲਾਂ ਕਰਦੇ ਹਾਂ!"

ਇਹ ਗਲ ਸੁਣਕੇ ਸੋਹਣ ਨੇ ਕੋਈ ਉਤ੍ਰ ਨਾ ਦਿਤਾ ਤੇ ਆਪਣੇ ਪੜ੍ਹਨ ਵਿਚ ਮਘਨ ਰਿਹਾ। ਥੋੜੇ ਦਿਨਾਂ ਪਿਛੋਂ ਪ੍ਰੀਖਿਆ ਹੋ ਗਈ ਤੇ ਉਹ ਦਿਨ ਆ ਗਿਆ ਜਿਸ ਦਿਨ ਇਨਾਮ ਵੰਡੇ ਜਾਣੇ ਸਨ। ਸਕੂਲ ਦੇ ਹਾਲ ਵਿਚ ਸ਼ਹਿਰ ਦੇ ਵਡੇ ਵਡੇ ਆਦਮੀਂ ਬੈਠੇ ਹੋਏ ਸਨ। ਪਰਧਾਨ ਦੀ ਕੁਰਸੀ ਤੇ ਵਜ਼ੀਰ ਤਾਲੀਮ ਸ਼ੋਭਾ ਦੇ ਰਹੇ ਸਨ। ਉਨ੍ਹਾਂ ਦੇ ਅੱਗੇ ਮੇਜ਼ ਤੇ ਵੱਖੋ ਵੱਖ ਇਨਾਮ ਦੇਣ ਵਾਲੀਆਂ ਚੀਜ਼ਾਂ ਪਈਆਂ ਹੋਈਆਂ ਸਨ। ਸਾਰੇ ਮੁੰਡੇ ਨਵੇਂ ਕਪੜੇ ਪਾਕੇ ਆਏ ਹੋਏ ਸਨ। ਮੋਹਣ ਵੀ ਅੱਜ ਬਣ ਤਣ ਕੇ ਸਭ ਤੋਂ ਮੋਹਰੇ ਬੈਠਾ ਹੋਇਆ ਸੀ ਪਰ ਵਿਚਾਰਾ ਸੋਹਣ ਸਭ ਤੋਂ ਪਿਛੇ ਇਕ ਨੁਕਰ ਵਿਚ ਬੈਠਾ ਹੋਇਆ ਸੀ।

ਇਨਾਮ ਵੰਡਣ ਦਾ ਸਮਾਂ ਆਇਆ । ਸਭ ਤੋਂ ਪਹਿਲਾ ਇਨਾਮ ਵਜ਼ੀਰ ਸਾਹਿਬ ਨੇ ਚੁਕਿਆ। ਸਾਰਿਆਂ ਦੀਆਂ ਨਜ਼ਰਾਂ ਉਧਰ ਚੁਕੀਆਂ ਗਈਆਂ। ਅਵਾਜ਼ ਆਈ 'ਪਹਿਲਾ ਇਨਾਮ ਸੋਹਣ ਦਾ ਹੈ, ਸੋਹਣ ਸਭ ਤੋਂ ਪਿਛੋਂ ਇਕ ਨੁਕਰ ਵਿਚੋਂ ਉਠ ਕੇ ਅੱਗੇ ਵਧਿਆ ਤੇ ਇਨਾਮ ਲੈਕੇ ਸਿਰ ਝੁਕਾ ਦਿਤਾ। ਇਹ ਵੇਖਕੇ ਮੋਹਣ ਵਿਚੇ ਵਿਚ ਸੜ ਗਿਆ ਪਰ ਕੀ ਕਰ ਸਕਦਾ ਸੀ। ਹੈਡ ਮਾਸਟਰ ਸਾਹਿਬ ਨੇ ਆਖਿਆ, "ਵੇਖੋ ਮੁੰਡਿਓ! ਇਹ ਮੁੰਡਾ ਬੜਾ ਗਰੀਬ ਹੈ ਪਰ ਪੜ੍ਹਨ ਲਿਖਨ ਵਿਚ ਬੜਾ ਚਤੁਰ ਹੈ। ਤੁਹਾਨੂੰ ਵੀ ਏਹਦੇ ਵਾਂਗ ਮੇਹਨਤ ਕਰਨੀ ਚਾਹੀਦੀ ਹੈ। ਸੱਚੀ ਇਜ਼ਤ ਏਹੋ ਹੈ।"

ਉਥੇ ਬੈਠੇ ਅਮੀਰਾਂ ਵਿਚੋਂ ਇਕ ਅਮੀਰ ਨੇ ਜਦ ਉਸ ਮੁੰਡੇ ਦੀ ਗ਼ੀਬੀ ਬਾਬਤ ਸਾਰਾ ਹਾਲ ਸੁਣਿਆ ਤਾਂ ਉਸਨੇ ਆਪਣੀ ਵਲੋਂ ੫) ਮਹੀਨਾਂ ਵਜ਼ੀਫਾ ਲਾ ਦਿਤਾ ਇਹ ਹੋਰ ਕੋਈ ਨਹੀਂ ਸੋਹਣ ਦਾ ਪਿਤਾ ਸੀ।

ਪਿਆਰੇ ਸੱਜਣੋ !

ਅਸਾਂ ਬੜੀ ਹੀ ਮੇਹਨਤ ਕਰਕੇ ਗੁਰਬਾਣੀਦੇ ਸ਼ੁੱਧ ਗੁਟਕੇ ਬੜੇ ਵਧੀਆਕਾਗਜ਼ ਉੱਪਰ ਵਧੀਆ ਛਪਾਈ ਕਰਾਕੇ ਤਯਾਰ ਕੀਤੇ ਹਨ। ਜਿਨ੍ਹਾਂ ਦੀ ਕੀਮਤ ਬਹੁਤ ਹੀ ਵਾਜਬੀ ਰੱਖੀ ਗਈ ਹੈ। ਸਾਡੀ ਦੁਕਾਨ ਦੀ ਮਸ਼ਹੂਰੀ ਇਸੇ ਗੱਲ ਦੀ ਹੈ ਕਿ ਅਸੀਂ ਛਪਾਈ ਸੁਧਾਈ ਦਾ ਬਹੁਤ ਹੀ ਖਿਆਲ ਰਖਦੇ ਹਾਂ ਤੇ ਕੀਮਤ ਵਾਜਬੀ ਲੈਂਦੇ ਹਾਂ। ਮੰਗਵਾਕੇ ਦੇਖੋ ਤੇ ਸਾਡੀ ਪਰਖ ਕਰੋ।

ਗੁਟਕਾ ਨਿਤਨੇਮ

ਪੰਨੇ ੩੮੪ ਵਧੀਆ ਕਾਗਜ਼, ਛਪਾਈ ਮੋਤੀਆਂ ਵਰਗੀ ਜਿਲਦ ਖੂਬਸੂਰਤ ਕਪੜੇ ਦੀ ਕੀਮਤ ਕੇਵਲ ਛੀ ਆਨੇ।
ਵਧੀਆ ਫਿਰਕੀਦਾਰ ਜਿਲਦ ਕੀਮਤ ਸੱਤ ਆਨੇ
ਜਿਲਦ ਦਰਜਾ ਖਾਸ ਅੱਠ ਆਨੇ, ਖੂਬਸੂਰਤ ਚਮੜੇ ਦੀ ਸੁਨੈ-
ਹਰੀ ਫਿਰਕੀਦਾਰ ਜਿਲਦ ਕੀਮਤ ਬਾਰਾਂ ਆਨੇ

ਸੁੰਦਰ ਗੁਟਕਾ

ਸਫੇ ੬੮੭, ਬਾਣੀਆਂ ੪੨ ਕਪੜੇ ਦੀ ਜਿਲਦ ਦਸ ਆਨੇ
ਵਧੀਆ ਫਿਰਕੀਦਾਰ ਜਿਲਦ ਵਾਲੇ ਦੀ ਕੀ: ਬਾਰਾਂ ਆਨੇ
ਖੂਬਸੂਰਤ ਸੁਨੈਹਰੀ ਵੇਲਦਾਰ ਚਮੜੇ ਦੀ ਜਿਲਦ ਕੀ: ੧।)

ਇਸਤੋਂ ਬਿਨਾ ਹਰ ਪ੍ਰਕਾਰ ਦੀਆਂ ਹਿੰਦੀ, ਗੁਰਮੁਖੀ ਤੇ ਉਰਦੂ ਆਦਿਕ ਦੀਆਂ ਕਿਤਾਬਾਂ ਸਟੇਸ਼ਨਰੀ ਆਦਿਕ ਸਾਥੋਂ ਮੰਗਾਵੋ। ਪਤਾ— **ਕ੍ਰਿਪਾਲ ਸਿੰਘ ਬਲਬੀਰਸਿੰਘ**

ਪੁਸਤਕਾਂ ਵਾਲੇ, ਬਜਾਰ ਮਾਈਸੇਵਾਂ, ਅਮ੍ਰਿਤਸਰ

ਇਖਲਾਕੀ ਸਬਕ

ਕਦੀ ਨਾ ਭੁੱਲੋ ਮਾਂ ਬਾਪ ਦੇ ਅਹਿਸਾਨ ਨੂੰ, ਉਸਤਾਦ ਦੀ ਨਸੀਹਤ ਨੂੰ ਦੋਸਤਾਂ ਦੀ ਮੇਹਰਬਾਨੀ ਨੂੰ, ਕੀਤੇ ਪਾਪਾਂ ਦੀ ਸਜ਼ਾ ਨੂੰ, ਈਸ਼ਵਰ ਦੀ ਯਾਦ ਨੂੰ ਅਤੇ ਆਪਣੇ ਜੀਵਨ ਦੇ ਬੀਤ ਰਹੇ ਸਮੇਂ ਨੂੰ।

ਜ਼ਰੂਰੀ ਹੈ ਸਵੇਰੇ ਅਮ੍ਰਿਤ ਵੇਲੇ ਉੱਠਕੇ ਮਾਤਾ ਪਿਤਾ ਨੂੰ ਮੱਥਾ ਟੇਕਣਾ, ਅਸ਼ਨਾਨ ਕਰਕੇ ਈਸ਼ਵਰ ਉਪਾਸ਼ਨਾਂ ਕਰਨੀ, ਬਜ਼ੁਰਗਾਂ ਦੀ ਇੱਜ਼ਤ ਕਰਨੀ ਅਤੇ ਉਨ੍ਹਾਂ ਦੇ ਹੁਕਮਾਂ ਦੀ ਪਾਲਨਾ ਕਰਨੀ, ਹਮੇਸ਼ਾਂ ਵਿੱਦਯਾ ਪੜ੍ਹਨ ਅਤੇ ਪੜ੍ਹਾਨ ਵਿਚ ਲਗੇ ਰਹਿਣਾ, ਬੁਰੇ ਬੰਦਿਆਂ ਤੋਂ ਬਚਣਾ ਅਤੇ ਭਲੇ ਪੁਰਸ਼ਾਂ ਨਾਲ ਮੇਲ ਜੋਲ ਵਧਾਉਣਾ, ਹਮੇਸ਼ਾਂ ਮੁਲਕ ਅਤੇ ਦੇਸ਼ ਦੀ ਸੇਵਾ ਲਈ ਤਿਆਰ ਰਹਿਣਾ।

ਜੇ ਤੁਸਾਂ ਇਸ ਕਿਸਮ ਦੀਆਂ ਅਨੇਕਾਂ ਨਸੀਹਤਾਂ, ਕਹਾਣੀਆਂ ਲਤੀਫੇ ਅਤੇ ਨਜ਼ਮਾਂ ਪੜ੍ਹਨੀਆਂ ਹੋਣ, ਜੇਕਰ ਤੁਸੀ ਵਿਦਵਾਨ ਬਣਨਾ ਚਾਹੁੰਦੇ ਹੋ ਤਾਂ ਸ: ਕ੍ਰਿਪਾਲ ਸਿੰਘ ਬੀ. ਏ. ਦੀ ਬਣਾਈ ਹੋਈ ਪੁਸਤਕ "ਅਖਲਾਕੀ ਸਬਕ" ਉਰਦੂ ਵਿਚ ਮੰਗਵ ਕੇ ਜ਼ਰੂਰ ਪੜ੍ਹੋ। ੧੧੨ ਸਫੇ ਦੀ ਕਿਤਾਬ ਕੀਮਤ ।–)